ਸਫ਼ਾ ਤਿੰਨ ਦੀਆਂ ਬਾਕੀ

ਪੰਜਾਬ 'ਚ ਪੰਜ ਹਜ਼ਾਰ ਭਗੌੜੇ ਪੁਲਿਸ ਦੀ ਗ੍ਰਿਫ਼ਤ ਤੋਂ ਬਾਹਰ

ਜੇ ਅੰਮ੍ਰਿਤਸਰ ਤੇ ਜਲੰਧਰ ਦੇ ਸ਼ਹਿਰੀ ਤੇ ਪੇਂਡੂ ਥਾਣਿਆਂ ਦੀ ਸੂਚੀ ਬਣਾਈ ਜਾਵੇ ਤਾਂ ਵੀ ਜਲੰਧਰ ਹੀ ਨੰਬਰ ਇਕ 'ਤੇ ਹੈ ਜਦਕਿ ਦੂਜੀ ਥਾਂ ਅੰਮ੍ਰਿਤਸਰ ਦੀ ਆਉਂਦੀ ਹੈ। 100 ਤੋਂ ਥੱਲੇ ਵਾਲੇ ਨੰਬਰ ਵਿਚ ਬਰਨਾਲਾ, ਬਠਿੰਡਾ, ਗੁਰਦਾਸਪੁਰ ਅਤੇ ਮੁਕਤਸਰ ਦੇ ਨਾਮ ਆਉਂਦੇ ਹਨ। ਬਾਕੀ ਸਾਰੇ ਜ਼ਿਲ੍ਹੇ 100 ਤੋਂ ਉਪਰ ਵਾਲੇ ਹੀ ਹਨ। ਆਈਜੀ ਰੂਪਨਗਰ ਰੇਂਜ ਵੀ ਨੀਰਜਾ ਵੋਰਵਰੂ ਨੇ ਦਸਿਆ ਕਿ ਭਗੌੜੇ ਦੋ ਤਰ੍ਹਾਂ ਦੇ ਹੁੰਦੇ ਹਨ। ਇਕ, ਜਿਹੜੇ ਕਦੇ ਫੜੇ ਨਹੀਂ ਗਏ ਤੇ ਦੂਜਾ, ਜਿਹੜੇ ਅਦਾਲਤ ਵਿਚ ਨਹੀਂ ਆਉਂਦੇ। ਪੁਲਿਸ ਹਰ ਵੇਲੇ ਇਨ੍ਹਾਂ ਦਾ ਪਤਾ ਕਰਦੀ ਰਹਿੰਦੀ ਹੈ। ਹੁਣ ਇਨ੍ਹਾਂ ਨੂੰ ਫੜਨ ਲਈ ਕਈ ਨਵੀਆਂ ਤਕਨੀਕਾਂ ਆਈਆਂ ਹਨ ਜਿਨ੍ਹਾਂ ਨਾਲ ਇਨ੍ਹਾਂ ਨੂੰ ਜਲਦੀ ਹੀ ਕਾਬੂ ਕੀਤਾ ਜਾਵੇਗਾ। ਭਗੌੜੇ 340 ਅੰਮ੍ਰਿਤਸਰ 'ਚ, 359-ਅੰਮ੍ਰਿਤਸਰ ਪੇਂਡੂ, 87-ਬਰਨਾਲਾ, 109-ਬਟਾਲਾ, 161-ਬਠਿੰਡਾ, 81-ਫ਼ਰੀਦਕੋਟ, 139-ਫ਼ਤਿਹਗੜ੍ਹ ਸਾਹਿਬ, 125-ਫ਼ਿਰੋਜ਼ਪੁਰ, 19-ਜੀਆਰਪੀ, 69-ਗੁਰਦਾਸਪੁਰ, 461-ਹੁਸ਼ਿਆਰਪੁਰ, 457-ਜਲੰਧਰ ਸਿਟੀ, 464-ਜਲੰਧਰ ਪੇਂਡੂ, 374-ਕਪੂਰਥਲਾ, 104-ਮਾਨਸਾ, 95-ਮੁਕਤਸਰ, 407-ਪਟਿਆਲਾ, 114-ਰੂਪਨਗਰ, 303-ਸਾਹਿਬਜ਼ਾਦਾ ਅਜੀਤ ਸਿੰਘ ਨਗਰ, 338-ਐਸਬੀਐਸ ਨਗਰ, 213-ਸੰਗਰੂਰ, 186-ਤਰਨਤਾਰਨ ਵਿਚ ਹਨ।

ਗੋਲੀਕਾਂਡ ਲਈ ਬਾਦਲ ਜ਼ਿੰਮੇਵਾਰ, ਸਜ਼ਾ ਦਿਵਾ ਕੇ ਰਹਾਂਗੇ : ਕੈਪਟਨ

ਮੁੱਖ ਮੰਤਰੀ ਨੇ ਬਠਿੰਡਾ ਵਿਖੇ ਏਮਜ਼ ਦੇ ਪ੍ਰਾਜੈਕਟ ਸਬੰਧੀ ਲੋਕਾਂ ਨੂੰ 'ਗੁਮਰਾਹ' ਕਰਨ ਵਾਸਤੇ ਹਰਸਿਮਰਤ ਬਾਦਲ ਦੀ ਆਲੋਚਨਾ ਕੀਤੀ। ਐਚ ਐਸ ਫੂਲਕਾ ਵਲੋਂ ਅਸਤੀਫ਼ਾ ਦੇਣ ਦੀ ਧਮਕੀ ਦੇ ਸਬੰਧ ਵਿਚ ਮੁੱਖ ਮੰਤਰੀ ਨੇ ਕਿਹਾ ਕਿ ਉਹ ਲੋਕਾਂ ਵਿਚ ਚਰਚਿਤ ਰਹਿਣ ਵਾਸਤੇ ਇਹ ਕਰ ਰਿਹਾ ਹੈ। ਐਸ.ਵਾਈ.ਐਲ ਸਬੰਧੀ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੂੰ ਪਾਣੀ ਦੀ ਬਹੁਤ ਜ਼ਿਆਦਾ ਜ਼ਰੂਰਤ ਹੈ ਕਿਉਂਕਿ ਟਿਊਬਵੈੱਲ ਇਸ ਸਮੇਂ ਵਾਜਬ ਨਹੀਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੂੰ ਪਾਣੀ ਤੋਂ ਵਾਂਝੇ ਕਰਨ ਨਾਲ ਅਫ਼ਰਾ-ਤਫ਼ਰੀ ਮੱਚ ਜਾਵੇਗੀ ਜਿਸ ਨਾਲ ਪਾਕਿਸਤਾਨ ਦੇ ਪੰਜਾਬ ਵਿਚ ਅਸਥਿਰਤਾ ਪੈਦਾ ਕਰਨ ਦੇ ਘਿਨਾਉਣੇ ਇਰਾਦਿਆਂ 'ਚ ਮਦਦ ਮਿਲੇਗੀ। ਮੁੱਖ ਮੰਤਰੀ ਨੇ ਭਰੋਸਾ ਪ੍ਰਗਟ ਕੀਤਾ ਕਿ ਅਗਲੇ ਸਾਲ ਦੀਆਂ ਲੋਕ ਸਭਾ ਚੋਣਾਂ ਦੌਰਾਨ ਕਾਂਗਰਸ ਪੰਜਾਬ ਦੀਆਂ ਸਾਰੀਆਂ ਦੀਆਂ ਸਾਰੀਆਂ 13 ਸੀਟਾਂ 'ਤੇ ਹੂੰਝਾ ਫੇਰੇਗੀ ਅਤੇ ਰਾਹੁਲ ਗਾਂਧੀ ਦੇਸ਼ ਦੇ ਅਗਲੇ ਪ੍ਰਧਾਨ ਮੰਤਰੀ ਵਜੋਂ ਉਭਰਣਗੇ।

ਕਿਸਾਨਾਂ ਦੇ ਕੋਟੇ ਦਾ ਕਰਜ਼ਾ ਕੰਪਨੀਆਂ ਨੂੰ ਦੇ ਕੇ ਕਹਿ ਦਿਤਾ ਜਾਂਦੈ, ਕਿਸਾਨਾਂ ਦਾ ਕੋਟਾ ਪੂਰਾ ਹੋ ਗਿਆ

ਆਲ ਭਾਰਤੀ ਕਿਸਾਨ ਸੰਘਰਸ਼ ਤਾਲਮੇਲ ਕਮੇਟੀ ਦੇ ਕਨਵੀਨਰ ਵੀ.ਐਮ. ਸਿੰਘ ਨੇ ਕਿਹਾ ਕਿ ਇਕ ਪਾਸੇ ਤਾਂ ਕਿਸਾਨਾਂ ਨੂੰ ਕਰਜ਼ਾ ਦੇਣ ਅਤੇ ਕਰਜ਼ਾ ਵਾਪਸੀ ਦੇ ਲਈ ਸਮਾਂ ਤੈਅ ਕੀਤਾ ਗਿਆ ਹੈ ਉਹ ਬਹੁਤ ਜ਼ਿਆਦਾ ਗ਼ਲਤ ਅਤੇ ਬੇ-ਦਲੀਲਾਂ ਹੈ। ਦੂਜੇ ਪਾਸੇ ਸਰਕਾਰ ਕੰਪਨੀਆਂ ਨੂੰ ਕਿਸਾਨ ਬਣਾ ਕੇ ਉਨ੍ਹਾਂ ਨੂੰ ਏਨੇ ਕਰੋੜਾਂ ਦਾ ਕਰਜ਼ਾ ਦਿਵਾ ਰਹੀ ਹੈ। ਕਿਸਾਨ ਇਸ ਦੇਸ਼ ਵਿਚ ਮਜ਼ਾਕ ਬਣ ਕੇ ਰਹਿ ਗਿਆ ਹੈ। ਵੀ.ਐਮ. ਸਿੰਘ ਕਹਿੰਦੇ ਹਨ ਕਿ ਇਹ ਬੇਹੱਦ ਚਿੰਤਾਜਨਕ ਹੈ। ਅੱਜ ਦੇ ਸਮੇਂ ਵਿਚ ਸਰਕਾਰ ਕਿਸਾਨਾਂ ਦੇ ਮੋਢੇ ਤੋਂ ਬੰਦੂਕ ਚਲਾ ਰਹੀ ਹੈ। ਕਿਸਾਨਾਂ ਨੂੰ ਬੇਵਕੂਫ਼ ਬਣਾ ਕੇ ਸਰਕਾਰ ਪੂੰਜੀਪਤੀਆਂ ਦਾ ਫ਼ਾਇਦਾ ਕਰਵਾ ਰਹੀ ਹੈ। ਹਾਲਾਤ ਇਹ ਹੈ ਕਿ ਦੋ-ਦੋ ਏਕੜ ਵਾਲੇ ਕਿਸਾਨ ਬਿਨਾਂ ਕਰਜ਼ੇ ਤੋਂ ਰਹਿ ਰਹੇ ਹਨ ਅਤੇ ਅਜਿਹੇ ਲੋਕ ਬਿਨਾਂ ਜ਼ਮੀਨ ਦੇ ਕਰੋੜਾਂ ਰੁਪਏ ਦਾ ਕਰਜ਼ਾ ਚੁੱਕ ਰਹੇ ਹਨ। ਆਰ.ਬੀ.ਆਈ. ਦੇ ਅੰਕੜੇ ਇਹ ਵੀ ਦਸਦੇ ਹਨ ਕਿ ਖੇਤੀ ਕਰਜ਼ ਦੇ ਤਹਿਤ 25 ਕਰੋੜ ਤੋਂ ਜ਼ਿਆਦਾ ਦੇ ਕਰਜ਼ ਵਿਚ ਭਾਰੀ ਵਾਧਾ ਹੋਇਆ ਹੈ।

ਰਾਹੁਲ ਗਾਂਧੀ ਦੀ ਕੈਪਟਨ ਨੂੰ ਨਸੀਹਤ, ਅਕਾਲੀ ਪੱਖੀ ਡੀਜੀਪੀ ਨਹੀਂ ਲਾਉਣਾ

ਦੇ ਅਹੁਦੇ ਲਈ ਭੱਜਦੌੜ ਹੋਰ ਤੇਜ਼ ਹੋ ਗਈ ਹੈ। ਇਸ ਤੋਂ ਬਿਨਾ ਡੀ.ਜੀ.ਪੀ. ਦੇ ਅਹੁਦੇ ਦੀ ਇਹ ਨਵੀਂ ਸ਼ਰਤ ਵੀ ਪੂਰੀ ਕਰਦੇ ਹਨ ਕਿ ਸੇਵਾ ਮੁਕਤੀ ਵਿਚ ਇਕ ਸਾਲ ਤੋਂ ਘੱਟ ਸਮਾਂ ਰਹਿਣ ਵਾਲੇ ਪੁਲਿਸ ਅਫ਼ਸਰ ਨੂੰ ਇਹ ਅਹੁਦਾ ਨਹੀਂ ਦਿਤਾ ਜਾਵੇਗਾ। ਡੀ.ਜੀ.ਪੀ. ਦੇ ਅਹੁਦੇ ਦੀ ਦੌੜ ਲਈ ਮੁਹੰਮਦ ਮੁਸਤਫ਼ਾ, ਹਰਦੀਪ ਸਿੰਘ ਢਿੱਲੋਂ, ਦਿਨਕਰ ਗੁਪਤਾ, ਜਸਮਿੰਦਰ ਸਿੰਘ ਅਤੇ ਸਿਧਾਰਥ ਚਟੋਪਾਧਿਆਏ ਸ਼ਾਮਲ ਹਨ। ਦਿਨਕਰ ਗੁਪਤਾ ਅਤੇ ਜਸਮਿੰਦਰ ਸਿੰਘ ਦੀ ਸੇਵਾ ਮੁਕਤੀ ਵਿਚ ਇਕ ਸਾਲ ਤੋਂ ਘੱਟ ਸਮਾਂ ਰਹਿ ਗਿਆ ਹੈ, ਇਸ ਕਰ ਕੇ ਕਤਾਰ ਵਿਚੋਂ ਲਾਂਭੇ ਮੰਨੇ ਜਾਣ ਲੱਗੇ ਹਨ। ਸਿਧਾਰਥ ਉਪਾਧਿਆਏ ਪੰਜਾਬ ਪੁਲਿਸ ਦੇ ਇਕ ਹੋਰ ਉਚ ਅਫ਼ਸਰ ਨਾਲ ਜਾਂਚ ਵਿਚ ਪੱਖਪਾਤ ਕਰਨ ਦੇ ਦੋਸ਼ਾਂ ਵਿਚ ਘਿਰੇ ਹੋਏ ਹਨ। ਮੁਹੰਮਦ ਮੁਸਤਫ਼ਾ ਦੀ ਪਤਨੀ ਰਜ਼ੀਆ ਸੁਲਤਾਨਾ ਪੰਜਾਬ ਵਿਚ ਕੈਬਨਿਟ ਮੰਤਰੀ ਹੈ। ਜ਼ਿਕਰਯੋਗ ਹੈ ਕਿ ਪੰਜਾਬ ਵਿਧਾਨ ਸਭਾ ਨੇ ਪੰਜਾਬ ਪੁਲਿਸ ਕਮਿਸ਼ਨ ਐਕਟ ਬਣਾ ਕੇ ਡੀ.ਜੀ.ਪੀ. ਦੀ ਨਿਯੁਕਤੀ ਦਾ ਅਧਿਕਾਰ ਅਪਣੇ ਹੱਥ ਵਿਚ ਰੱਖਣ ਦਾ ਹੰਭਲਾ ਮਾਰਿਆ ਹੈ ਪਰ ਨਵਾਂ ਐਕਟ ਹਾਲੇ ਪੰਜਾਬ ਦੇ ਰਾਜਪਾਲ ਅਤੇ ਯੂ.ਟੀ. ਦੇ ਪ੍ਰਸ਼ਾਸਕ ਵੀ.ਪੀ. ਸਿੰਘ ਬਦਨੌਰ ਕੋਲ ਪ੍ਰਵਾਨਗੀ ਲਈ ਪਿਆ ਹੈ। ਦੂਜੇ ਬੰਨੇ ਸੁਪਰੀਮ ਕੋਰਟ ਨੇ ਇਕ ਫ਼ੈਸਲੇ ਰਾਹੀਂ ਡੀ.ਜੀ.ਪੀ. ਦੀ ਨਿਯੁਕਤੀ ਕੇਂਦਰ ਸਰਕਾਰ ਦੀ ਸਹਿਮਤੀ ਨਾਲ ਕਰਨ ਦਾ ਫ਼ੈਸਲਾ ਸੁਣਾ ਦਿਤਾ ਸੀ। ਨਵੇਂ ਫ਼ੈਸਲੇ ਤਹਿਤ ਰਾਜ ਸਰਕਾਰ ਡੀ.ਜੀ.ਪੀ. ਦੇ ਅਹੁਦੇ ਲਈ ਕੇਂਦਰ ਨੂੰ 5 ਸੀਨੀਅਰ ਪੁਲਿਸ ਅਫ਼ਸਰਾਂ ਦੇ ਨਾਵਾਂ ਦਾ ਪੈਨਲ ਭੇਜਣ ਦਾ ਪਾਬੰਦ ਹੈ ਅਤੇ ਕੇਂਦਰ ਇਨ੍ਹਾਂ ਵਿਚੋਂ ਦੋ ਨਾਂ ਕੱਟ ਕੇ ਤਿੰਨ ਨਾਵਾਂ ਦੀ ਸਿਫ਼ਾਰਸ਼ ਰਾਜ ਸਰਕਾਰ ਨੂੰ ਕਰੇਗਾ ਜਿਸ ਤੋਂ ਬਾਅਦ ਤਿੰਨਾਂ ਵਿਚੋਂ ਇਕ ਨੂੰ ਨਿਯੁਕਤ ਕਰਨ ਦਾ ਅਧਿਕਾਰ ਰਾਜ ਸਰਕਾਰ ਕੋਲ ਹੈ। ਹਾਲ ਦੀ ਘੜੀ ਨਵੇਂ ਡੀ.ਜੀ.ਪੀ. ਦੀ ਨਿਯੁਕਤੀ ਸੁਪਰੀਮ ਕੋਰਟ ਦੇ ਫ਼ੈਸਲੇ ਅਤੇ ਪੰਜਾਬ ਸਰਕਾਰ ਵਲੋਂ ਪਾਸ ਕੀਤੇ ਸਟੇਟ ਪੁਲਿਸ ਕਮਿਸ਼ਨ ਦੀ ਘੁੰਮਣਘੇਰੀ ਵਿਚ ਫਸ ਕੇ ਰਹਿ ਗਈ ਹੈ। ਸਰਕਾਰ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਹੈ ਕਿ ਨਵੇਂ ਡੀ.ਜੀ.ਪੀ. ਦੀ ਨਿਯੁਕਤੀ ਲਈ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ ਹੈ।

2007 ਹੈਦਰਾਬਾਦ ਬੰਬ ਧਮਾਕਾ ਮਾਮਲੇ 'ਚ ਦੋ ਦੋਸ਼ੀ ਕਰਾਰ, ਦੋ ਰਿਹਾਅ

ਹੈਦਰਾਬਾਦ, 4 ਸਤੰਬਰ: ਸਾਲ 2007 ਵਿਚ ਹੈਦਰਾਬਾਦ ਵਿਚ ਹੋਏ ਦੋਹਰੇ ਬੰਬ ਧਮਾਕੇ ਦੇ ਮਾਮਲੇ ਵਿਚ ਕੌਮੀ ਜਾਂਚ ਏਜੰਸੀ (ਐਨਆਈਏ) ਦੀ ਸਪੈਸ਼ਲ ਕੋਰਟ ਨੇ ਅੱਜ ਆਪਣਾ ਫੈਸਲਾ ਸੁਣਾ ਦਿੱਤਾ ਹੈ। ਕੋਰਟ ਨੇ ਦੋ ਨੂੰ ਦੋਸ਼ੀ ਠਹਿਰਾਇਆ ਹੈ ਅਤੇ 2 ਦੋਸ਼ੀਆਂ ਨੂੰ ਬਰੀ ਕਰ ਦਿਤਾ ਹੈ। ਸਜ਼ਾ 'ਤੇ ਫ਼ੈਸਲਾ ਸੋਮਵਾਰ ਨੂੰ ਸੁਣਾਇਆ ਜਾਵੇਗਾ। ਜਿਨ੍ਹਾਂ ਨੂੰ ਅਦਾਲਤ ਵਲੋਂ ਸਜ਼ਾ ਸੁਣਾਈ ਗਈ ਹੈ, ਉਨ੍ਹਾਂ ਵਿਚ ਅਨੀਕ ਸਫ਼ੀਕ ਸਈਦ ਅਤੇ ਇਸਮਾਈਲ ਚੌਧਰੀ ਦੇ ਨਾਮ ਸ਼ਾਮਲ ਹਨ। ਇਸ ਤੋਂ ਇਲਾਵਾ ਪੰਜਵੇਂ ਦੋਸ਼ੀ 'ਤੇ ਫ਼ੈਸਲਾ ਵੀ ਸੋਮਵਾਰ ਨੂੰ ਹੀ ਸੁਣਾਇਆ ਜਾਵੇਗਾ।

ਜ਼ਿਕਰਯੋਗ ਹੈ ਕਿ ਇਨ੍ਹਾਂ ਦੋਹਰੇ ਬੰਬ ਧਮਾਕਿਆਂ ਵਿਚ 44 ਲੋਕਾਂ ਦੀ ਮੌਤ ਹੋ ਗਈ ਸੀ ਅਤੇ 68 ਲੋਕ ਜ਼ਖ਼ਮੀ ਹੋ ਗਏ ਸਨ। ਅਡੀਸ਼ਨਲ ਮੈਟਰੋਪੋਲੀਟਨ ਸੈਸ਼ਨ ਜੱਜ ਟੀ ਸ੍ਰੀਨਿਵਾਸ ਰਾਵ ਨੇ 27 ਅਗਸਤ ਨੂੰ ਮਾਮਲੇ ਵਿਚ ਫ਼ੈਸਲਾ ਚਾਰ ਸਤੰਬਰ ਤਕ ਮੁਲਤਵੀ ਕਰ ਦਿਤਾ ਸੀ। ਮਾਮਲੇ ਦੀ ਜਾਂਚ ਤੇਲੰਗਾਨਾ ਪੁਲਿਸ ਦੀ ਕਾਊਂਟਰ ਇੰਟੈਲੀਜੈਂਸ ਵਿੰਗ (ਸੀਆਈ) ਨੇ ਕੀਤੀ ਸੀ। ਸੀਆਈ ਨੇ ਇਸ ਮਾਮਲੇ ਵਿਚ 5 ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ। ਪੰਜਾਂ ਮੁਲਜ਼ਮਾਂ ਦੇ ਵਿਰੁਧ ਚਾਰਜਸ਼ੀਟ ਦਾਖ਼ਲ ਕੀਤੀ ਗਈ ਸੀ। ਇਨ੍ਹਾਂ ਵਿਚੋਂ 2 ਫ਼ਰਾਰ ਮੁਲਜ਼ਮ ਰਿਆਜ਼ ਭਟਕਲ ਅਤੇ ਇਕਬਾਲ ਭਟਕਲ ਦਾ ਵੀ ਨਾਂ ਸ਼ਾਮਲ ਸੀ। ਇਹ ਸਾਰੇ ਇੰਡੀਅਨ ਮੁਜਾਹਿਦੀਨ ਦੇ ਕਥਿਤ ਅਤਿਵਾਦੀ ਸਨ।

ਇਹ ਬੰਬ ਧਮਾਕੇ ਹੈਦਰਾਬਾਦ ਦੇ ਗੋਕੁਲਚਾਟ ਅਤੇ ਲੁੰਬਿਨੀ ਪਾਰਕ ਇਲਾਕੇ ਵਿਚ ਹੋਏ ਸਨ। ਬੰਬ ਧਮਾਕਿਆਂ ਤੋਂ ਬਾਅਦ ਪੁਲਿਸ ਨੇ ਦੋ ਅਲੱਗ ਸਥਾਨਾਂ ਤੋਂ ਦੋ ਜ਼ਿੰਦਾ ਆਈਈਡੀ ਬੰਬ ਵੀ ਬਰਾਮਦ ਕੀਤੇ ਸਨ। 11 ਸਾਲ ਬਾਅਦ ਅਦਾਲਤ ਨੇ ਆਖ਼ਰੀ ਬਹਿਸ ਦੇ ਆਧਾਰ 'ਤੇ ਅਪਣਾ ਫ਼ੈਸਲਾ ਸੁਣਾਇਆ। ਇਸ ਦੇ ਲਈ ਚੇਰਾਪੱਲੀ ਸੈਂਟਰਲ ਜੇਲ੍ਹ ਵਿਚ ਵਿਸ਼ੇਸ਼ ਇੰਤਜ਼ਾਮ ਕੀਤੇ ਗਏ ਸਨ, ਜਿੱਥੇ ਇਸ ਮਾਮਲੇ ਦਾ ਟ੍ਰਾਇਲ ਵੀਡੀਓ ਕਾਨਫਰੰਸਿੰਗ ਜ਼ਰੀਏ ਚੱਲ ਰਿਹਾ ਸੀ।

ਦਸ ਦਈਏ ਕਿ ਹੈਦਰਾਬਾਦ ਬੰਬ ਧਮਾਕਾ ਮਾਮਲੇ ਵਿਚ ਹੋਰ ਦੋਸ਼ੀ ਰਿਆਜ਼ ਭਟਕਲ, ਇਕਬਾਲ ਭਟਕਲ, ਫ਼ਾਰੂਖ਼ ਸ਼ਰਫ਼ੂਦੀਨ ਅਤੇ ਆਮਿਰ ਰਸੂਲ ਹੁਣ ਵੀ ਫ਼ਰਾਰ ਹਨ। ਇਸ ਮਾਮਲੇ ਵਿਚ ਅਜੇ ਅਨੀਕ ਸ਼ਫ਼ੀਕ, ਮੁਹੰਮਦ ਅਕਬਰ ਇਸਮਾਈਲ ਅਤੇ ਮੁਹੰਮਦ ਸਾਦਿਕ ਨੂੰ ਹੀ ਗ੍ਰਿਫ਼ਤਾਰ ਕੀਤਾ ਗਿਆ ਸੀ। **(ਏਜੰਸੀਆਂ)**

ਐਮ.ਬੀ.ਏ. ਨੌਜਵਾਨ ਬਣਿਆ ਅਤਿਵਾਦ ਸੰਗਠਨ ਦਾ ਮੈਂਬਰ

ਨਵੀਂ ਦਿੱਲੀ, 4 ਸਤੰਬਰ: ਅਤਿਵਾਦ ਦਾ ਦਰਦ ਇਕ ਮਾਂ ਦੀਆਂ ਨਜ਼ਰਾਂ 'ਚ ਸਾਫ਼ ਦੇਖਿਆ ਜਾ ਸਕਦਾ ਹੈ। ਜਿਸ ਦਾ ਜਵਾਨ ਪੁੱਤਰ ਅਤਿਵਾਦ ਦੀ ਇਸ ਦੁਨੀਆ ਦਾ ਇਕ ਮੋਹਰਾ ਬਣ ਚੁੱਕਿਆ ਹੈ। ਰੋ ਰੋ ਕੇ ਮਾਂ ਆਪਣੇ ਪੁੱਤਰ ਨੂੰ ਬਸ ਇਕੋ ਮਿਨਤ ਕਰ ਰਹੀ ਹੈ ਕੀ ਉਹ ਵਾਪਸ ਆ ਜਾਵੇ, ਅਤੇ ਇਸ ਮਾੜੀ ਦੁਨੀਆ ਨੂੰ ਛੱਡ ਦੇਵੇ। ਦਸ ਦਈਏ ਕਿ ਜ਼ਿਲ੍ਹਾ ਡੋਡਾ ਦੇ ਗਠ ਖੇਤਰ ਦੇ ਇਕ ਪਰਿਵਾਰ ਦੇ ਇੱਕ ਐਮ . ਬੀ . ਏ . ਨੌਜਵਾਨ ਦੇ ਅਤਿਵਾਦੀ ਬਣਨ ਦੀ ਇਕ ਤਸਵੀਰ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਤੋਂ ਬਾਅਦ ਜਿਥੇ ਸੁਰੱਖਿਆ ਏਜੰਸੀਆਂ ਹੈਰਾਨ ਹਨ ਉਥੇ ਹੀ ਪਰਿਵਾਰ ਵੀ ਸਦਮੇ ਵਿਚ ਹੈ। ਹਾਰੂਨ ਅੱਬਾਸ ਵਾਨੀ ਦੀ 1^{TM} - 47 ਰਾਇਫਲ ਨਾਲ ਵਾਇਰਲ ਹੋਈ ਤਸਵੀਰ 'ਤੇ ਲਿਖਿਆ ਹੈ ਕਿ ਉਹ 1 ਸਤੰਬਰ ਨੂੰ ਹਿਜ਼ਬੁਲ ਮੁਜਾਹਿਦੀਨ ਅਤਿਵਾਦੀ ਸੰਗਠਨ ਵਿਚ ਸ਼ਾਮਿਲ ਹੋ ਚੁੱਕਿਆ ਹੈ। ਮਿਲੀ ਜਾਣਕਾਰੀ ਮੁਤਾਬਿਕ ਐਮ . ਬੀ . ਏ ਹਾਰੂਨ ਅੱਬਾਸ ਵਾਨੀ ਸ਼੍ਰੀਨਗਰ ਵਿਚ ਇਕ ਨਿਜੀ ਕੰਪਨੀ 'ਵਿਚ ਕੰਮ ਕਰ ਰਿਹਾ ਸੀ। ਡੋਡਾ ਵਿਚ ਹੀ 2 ਮਹੀਨੇ ਦੇ ਅੰਦਰ ਹੀ ਇਹ ਦੂਜਾ ਮਾਮਲਾ ਹੈ। ਇਸ ਤੋਂ ਪਹਿਲਾਂ 7 ਜੁਲਾਈ ਨੂੰ ਆਬਿਦ ਹੁਸੈਨ ਭੱਟ ਦੀ 1^{TM} - 47 ਰਾਇਫਲ ਨਾਲ ਤਸਵੀਰ ਵਾਇਰਲ ਹੋਈ ਸੀ, ਜਿਸ ਤੋਂ ਬਾਅਦ ਘਾਟੀ ਵਿਚ ਸੁਰੱਖਿਆ ਬਲਾਂ ਦੇ ਨਾਲ ਹੋਈ ਮੁੱਠਭੇੜ ਵਿਚ ਉਸ ਦੀ ਮੌਤ ਹੋ ਗਈ ਸੀ। **(ਏਜੰਸੀਆਂ)**

ਸਫ਼ਾ ਸੱਤ ਦੀ ਬਾਕੀ

ਕੀ ਅਕਾਲੀ ਦਲ ਨੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰੀਪੋਰਟ ਨੂੰ ਨਕਾਰਨ ਤੋਂ ਪਹਿਲਾਂ ਪ੍ਰਕਾਸ਼ ਸਿੰਘ ਬਾਦਲ ਤੋਂ ਨਹੀਂ ਸੀ ਪੁਛਿਆ?

ਅਸੀਂ ਗ੍ਰਿਫ਼ਤਾਰੀਆਂ ਦੇਣ ਲਈ ਤਿਆਰ ਹਾਂ। ਪਹਿਲਾਂ ਪੁਲਿਸ ਅਧਿਕਾਰੀ ਧਰਨਾਕਾਰੀਆਂ ਨੂੰ ਗ੍ਰਿਫ਼ਤਾਰ ਕਰਨਗੇ ਪ੍ਰੰਤੂ ਫਿਰ ਉਨ੍ਹਾਂ ਨੇ ਮਨ੍ਹਾ ਕਰ ਦਿਤਾ ਕਿਉਂਕਿ ਡੀ.ਜੀ.ਪੀ. ਤੇ ਪ੍ਰਕਾਸ਼ ਸਿੰਘ ਬਾਦਲ ਲਗਾਤਾਰ ਸੰਪਰਕ ਵਿਚ ਸੀ ਤੇ ਪੁਲਿਸ ਨੇ ਸ਼ਾਂਤਮਈ ਤਰੀਕੇ ਨਾਲ ਗ੍ਰਿਫ਼ਤਾਰੀ ਦੀ ਬਜਾਏ ਉਥੇ ਜ਼ਬਰਦਸਤੀ ਧੱਕੇ ਨਾਲ ਉਠਾਉਣ ਦੀ ਕੋਸ਼ਿਸ਼ ਕੀਤੀ। ਇਹ ਹੁਣ ਸਾਫ਼ ਜ਼ਾਹਰ ਹੈ ਕਿ ਇਹ ਆਰਡਰ ਉਪਰੋਂ ਆਏ ਕਿ ਗ੍ਰਿਫ਼ਤਾਰ ਨਹੀਂ ਕਰਨਾ ਇਨ੍ਹਾਂ ਨੂੰ ਧੱਕੇ ਨਾਲ ਉਠਾਉ। ਜਦੋਂ ਧੱਕੇ ਨਾਲ ਉਠਾਇਆ ਤਾਂ ਉਥੇ ਲਾਠੀਚਾਰਜ ਵੀ ਹੋਇਆ ਤੇ ਗੋਲੀ ਵੀ ਚਲੀ ਤੇ ਕਈ ਲੋਕ ਜ਼ਖ਼ਮੀ ਵੀ ਹੋਏ ਸਨ।

ਹੁਣ ਸ. ਬਾਦਲ ਨੇ ਅਪਣੀ ਇੰਟਰਵਿਊ ਵਿਚ ਕਿਹਾ ਕਿ ਕੋਟਕਪੂਰਾ ਬਾਰੇ ਤਾਂ ਮੈਨੂੰ ਪਤਾ ਸੀ ਪ੍ਰੰਤੂ ਬਹਿਬਲ ਕਲਾਂ ਬਾਰੇ ਮੈਨੂੰ ਪਤਾ ਨਹੀਂ ਸੀ ਜਿਥੇ ਗੋਲੀ ਲੱਗਣ ਨਾਲ ਸਿੱਖ ਸ਼ਹੀਦ ਹੋਏ ਅਤੇ ਜੋ ਕੋਟਕਪੂਰੇ ਵਾਲਾ ਵਾਕਿਆ ਜੋ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਰੀਪੋਰਟ ਵਿਚ ਲਿਖਿਆ ਉਹ ਪ੍ਰਕਾਸ਼ ਸਿੰਘ ਬਾਦਲ ਨੇ ਮੰਨ ਲਿਆ। ਹੁਣ ਅਕਾਲੀ ਦਲ ਕੋਲ ਕੀ ਵਜ੍ਹਾ ਬਾਕੀ ਹੈ, ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰੀਪੋਰਟ ਨੂੰ ਨਕਾਰਨ ਦੀ। ਅਕਾਲੀ ਦਲ ਨੇ ਜੋ ਅਸੈਂਬਲੀ ਤੋਂ ਵਾਕਆਊਟ ਕੀਤੇ ਤੇ ਇਹ ਕਹਿ ਕੇ ਕੀ ਰੀਪੋਰਟ ਬਿਲਕੁਲ ਗ਼ਲਤ ਹੈ ਕੀ ਉਸ ਸਮੇਂ ਇਨ੍ਹਾਂ ਨੇ ਪ੍ਰਕਾਸ਼ ਸਿੰਘ ਬਾਦਲ ਨੂੰ ਨਹੀਂ ਸੀ ਪੁਛਿਆ ਕਿ ਜੋ ਰੀਪੋਰਟ ਵਿਚ ਲਿਖਿਆ ਉਹ ਸਹੀ ਹੈ ਜਾਂ ਗ਼ਲਤ? ਕੀ ਇਹ ਵਿਧਾਨ ਸਭਾ ਤੋਂ ਸਿਰਫ਼ ਇਸ ਕਰ ਕੇ ਭੱਜੇ ਕਿ ਜੋ ਰਣਜੀਤ ਸਿੰਘ ਦੀ ਰੀਪੋਰਟ ਵਿਚ ਲਿਖਿਆ ਸੀ ਉਹੀਓ ਸੱਭ ਸੱਚ ਸੀ ਤੇ ਅਕਾਲੀ ਦਲ ਕੋਲ ਉਸ 'ਤੇ ਕੋਈ ਜਵਾਬ ਨਹੀਂ ਸੀ।

ਇੰਡੀਅਨ ਓਵਰਸੀਜ਼ ਬੈਂਕ

ਚੰਡੀਗੜ੍ਹ ਮੇਨ ਬਰਾਂਚ, ਐਸ.ਸੀ.ਓ. 26, ਮਧਿਆ ਮਾਰਗ, ਸੈਕਟਰ 7-ਸੀ ਚੰਡੀਗੜ੍ਹ-160019, ਫੋਨ : 0172-2793209, ਈਮੇਲ : iob0284@iob.in

ਮਿਤੀ : 30.08.2018

ਅੰਤਿਕਾ IV

ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ) (ਰੂਲ 8(1))

ਜਿਵੇਂ ਕਿ ਇੰਡੀਅਨ ਓਵਰਸੀਜ਼ ਬੈਂਕ ਦੇ ਨਿਮਨਹਸਤਾਖ਼ਰੀ ਅਧਿਕਾਰਤ ਅਫ਼ਸਰ ਨੇ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰਕਸ਼ਨ ਆਫ਼ ਫਾਈਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ਼ ਸਕਿਉਰਿਟੀ ਇੰਟਰੈਸਟ ਐਕਟ 2002 ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13(12) ਹੇਠ ਮਿਲੀਆਂ ਤਾਕਤਾਂ ਦੀ ਵਰਤੋਂ ਕਰਦਿਆਂ ਮਿਤੀ 05.06.2018 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰ ਮੈਸ. ਪਰੋਗਰੈਂਟ ਇੰਡਸਟਰੀਜ਼ (ਮਾਲਕ ਸ੍ਰੀ ਅਮਿਤ ਗੁਪਤਾ-ਕਰਜ਼ਦਾਰ) ਸਥਿਤ ਹੈ ਪਲਾਟ ਨੰ. 4, ਫੋਕਲ ਪੁਆਇੰਟ, ਨਯਾ ਨੰਗਲ, ਜ਼ਿਲ੍ਹਾ ਰੂਪਨਗਰ, ਪੰਜਾਬ-140126 ਅਤੇ ਵਾਸੀ ਮਕਾਨ ਨੰ. 40/ਆਰ, ਇੰਡਸਟਰੀਅਲ ਫੋਕਲ ਪੁਆਇੰਟ, ਨਯਾ ਨੰਗਲ ਤਹਿਸੀਲ ਨੰਗਲ, ਜ਼ਿਲ੍ਹਾ ਰੋਪੜ, ਪੰਜਾਬ-140124 ਅਤੇ ਗਰੰਟਰ/ਗਿਰਵੀਕਾਰ ਸ੍ਰੀਮਤੀ ਕਾਮਿਨੀ ਗੋਇਲ (ਗਰੰਟਰ) ਵਾਸੀ ਫਲੈਟ ਨੰ. 35, ਅਮਰਪਾਲੀ ਕੋਆਪਰੇਟਿਵ ਗਰੁੱਪ ਹਾਊਸਿੰਗ ਸੁਸਾਇਟੀ, ਪੜਪੜਗੰਜ, ਨਵੀਂ ਦਿੱਲੀ-110092 ਜਿਸ ਨੂੰ ਕਰਜ਼ਦਾਰ ਕਿਹਾ ਗਿਆ ਨੂੰ ਨੋਟਿਸ ਵਿਚ ਦਰਸਾਈ ਰਕਮ ਰੁ. 1,19,42,347.02 (ਇਕ ਕਰੋੜ ਉਨੀ ਲੱਖ ਬਿਆਲੀ ਹਜ਼ਾਰ ਤਿੰਨ ਸੌ ਸੰਤਾਲੀ ਰੁ. ਦੋ ਪੈਸੇ ਸਿਰਫ਼) ਮਿਤੀ 05.06.2018 ਅਨੁਸਾਰ ਸਮੇਤ ਅਗਾਊਂ ਵਿਆਜ ਕੰਟਰੈਕਚੂਅਲ ਦਰ ਨਾਲ ਅਤੇ ਬਕਾਇਆ ਚਾਰਜਿਜ਼ ਆਦਿ ਪ੍ਰਾਪਤੀ ਦੀ ਮਿਤੀ ਤੱਕ ਨੋਟਿਸ ਦੀ ਮਿਤੀ ਦੇ 60 ਦਿਨਾਂ ਦੇ ਅੰਦਰ ਅਦਾ ਕਰਨ ਨੂੰ ਕਿਹਾ ਗਿਆ ਸੀ।

1. ਕਰਜ਼ਦਾਰ ਬਕਾਇਆ ਰਕਮ ਅਦਾ ਕਰਨ 'ਚ ਅਸਫਲ ਰਹੇ : ਇਸ ਲਈ ਇਸ ਨੋਟਿਸ ਰਾਹੀਂ ਕਰਜ਼ਦਾਰ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨ ਹਸਤਾਖ਼ਰੀ ਨੇ ਉਪਰੋਕਤ ਰੂਲਜ਼ ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13(4) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ 30 ਅਗਸਤ, 2018 ਨੂੰ ਹੇਠ ਦਰਸਾਈ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ।
2. ਕਰਜ਼ਦਾਰ ਨੂੰ ਵਿਸ਼ੇਸ਼ ਤੌਰ 'ਤੇ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦਾ ਸੌਦਾ ਨਾ ਕੀਤਾ ਜਾਵੇ, ਇਸ ਜਾਇਦਾਦ ਸਬੰਧੀ ਸੌਦਾ ਕਰਨ ਦਾ ਅਧਿਕਾਰ ਰਕਮ ਰਕਮ ਰੁ. 1,19,42,347.02 (ਇਕ ਕਰੋੜ ਉਨੀ ਲੱਖ ਬਿਆਲੀ ਹਜ਼ਾਰ ਤਿੰਨ ਸੌ ਸੰਤਾਲੀ ਰੁ. ਦੋ ਪੈਸੇ ਸਿਰਫ਼) ਮਿਤੀ 05.06.2018 ਅਨੁਸਾਰ ਸਮੇਤ ਅਗਾਊਂ ਵਿਆਜ ਕੰਟਰੈਕਚੂਅਲ ਦਰ ਨਾਲ ਅਤੇ ਬਕਾਇਆ ਚਾਰਜਿਜ਼ ਆਦਿ ਡਿਮਾਂਡ ਨੋਟਿਸ ਵਿਚ ਉਪਰੋਕਤ ਦਰਸਾਈ ਮਿਤੀ ਤੋਂ ਪ੍ਰਾਪਤੀ ਦੀ ਮਿਤੀ ਤੱਕ ਕੀਤੀ ਅਦਾਇਗੀ ਘਟਾ ਕੇ ਜੋ ਕੋਈ ਹੈ ਡਿਮਾਂਡ ਨੋਟਿਸ ਜਾਰੀ ਕਰਨ ਪਿੱਛੋਂ ਦੀ ਵਸੂਲੀ ਲਈ ਇੰਡੀਅਨ ਓਵਰਸੀਜ਼ ਬੈਂਕ ਕੋਲ ਹੈ।

ਕਬਜ਼ਾ ਪ੍ਰਾਪਤ ਕਰਨ ਦੀ ਮਿਤੀ ਨੂੰ ਬਕਾਇਆ ਰਕਮ ਰੁ. 1,23,22,204.00 (ਇਕ ਕਰੋੜ ਤੇਈ ਲੱਖ ਬਾਈ ਹਜ਼ਾਰ ਦੋ ਸੌ ਚਾਰ ਰੁ. ਸਿਰਫ਼) ਮਿਤੀ 30.08.2018 ਸਮੇਤ ਅਗਾਊਂ ਵਿਆਜ ਕੰਟਰੈਕਚੂਅਲ ਦਰ ਨਾਲ ਅਤੇ ਬਕਾਇਆ ਚਾਰਜਿਜ਼, ਪ੍ਰਾਪਤੀ ਦੀ ਮਿਤੀ ਤੱਕ ਅਦਾ ਕਰਨਯੋਗ ਹੈ।

3. ਕਰਜ਼ਦਾਰਾਂ ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਉਨ੍ਹਾਂ ਕੋਲ ਐਕਟ ਦੇ ਸੈਕਸ਼ਨ 13 ਦੇ ਸਬ ਸੈਕਸ਼ਨ (8) ਦੀਆਂ ਤਜਵੀਜ਼ਾਂ ਅਧੀਨ ਸਕਿਉਰਡ ਐਸੇਟਸ ਛੁਡਾਉਣ ਲਈ ਸਮਾਂ ਉਪਲਬਧ ਹੈ।

ਅਚੱਲ ਜਾਇਦਾਦ ਦਾ ਵੇਰਵਾ

ਲੀਜ਼ ਹੋਲਡ ਇੰਡਸਟਰੀਅਲ ਪਲਾਟ ਮਿਣਤੀ 2510.66 ਵ.ਗਜ਼ ਸਥਿਤ ਹੈ ਪਲਾਟ ਨੰ. 4, ਇੰਡਸਟਰੀਅਲ ਫੋਕਲ ਪੁਆਇੰਟ, ਨਯਾ ਨੰਗਲ, ਜ਼ਿਲ੍ਹਾ ਰੋਪੜ ਵਿਖੇ ਨਾਂ ਹੈ ਮੈਸ ਪਰੋਗਰੈਂਟ ਇੰਡਸਟਰੀਜ਼ ਦੇ ਮਾਲਕ ਸ੍ਰੀ ਅਮਿਤ ਗੁਪਤਾ ਦੇ। ਜਾਇਦਾਦ ਦੀਆਂ ਹੱਦਾਂ : ਪੂਰਬ : ਰੋਡ, ਪੱਛਮ : ਫੋਕਲ ਪੁਆਇੰਟ ਦੀ ਜਾਇਦਾਦ, ਉੱਤਰ : ਪਲਾਟ ਨੰ. 5, ਦੱਖਣ : ਪਲਾਟ ਨੰ. 5

ਪ੍ਰਕਾਸ਼ਨ ਮਿਤੀ : 05.09.2018 ਸਥਾਨ : ਚੰਡੀਗੜ੍ਹ ਅਧਿਕਾਰਤ ਅਫ਼ਸਰ

ਯੂਨੀਅਨ ਬੈਂਕ ਆਫ਼ ਇੰਡੀਆ Union Bank of India

ਖੇਤਰੀ ਦਫ਼ਤਰ : ਜਲੰਧਰ

[ਰੂਲ 8(1)] ਕਬਜ਼ਾ ਨੋਟਿਸ (ਅਚੱਲ ਜਾਇਦਾਦਾਂ ਲਈ)

ਜਦਕਿ, ਯੂਨੀਅਨ ਬੈਂਕ ਆਫ਼ ਇੰਡੀਆ ਦੇ ਨਿਮਨਹਸਤਾਖ਼ਰੀ ਅਧਿਕਾਰਤ ਅਫ਼ਸਰ ਨੇ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰਕਸ਼ਨ ਆਫ਼ ਫਾਈਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ਼ ਸਕਿਉਰਿਟੀ ਇੰਟਰੈਸਟ (ਸੈਕਿੰਡ) ਐਕਟ, 2002 ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਤੇ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13(2) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਡਿਮਾਂਡ ਨੋਟਿਸ ਜਾਰੀ ਕਰਕੇ ਹੇਠ ਲਿਖੇ ਕਰਜ਼ਦਾਰ ਨੂੰ ਨੋਟਿਸ ਵਿਚ ਦਰਸਾਈ ਰਕਮ ਅਤੇ ਇਸ ਤੇ ਵਿਆਜ ਨੋਟਿਸ ਮਿਲਣ ਦੇ 60 ਦਿਨਾਂ ਅੰਦਰ ਅਦਾ ਕਰਨ ਲਈ ਕਿਹਾ ਸੀ।

ਕਰਜ਼ਦਾਰ ਬਕਾਇਆ ਰਕਮ ਅਦਾ ਕਰਨ 'ਚ ਅਸਫਲ ਰਹੇ। ਇਸ ਲਈ ਇਸ ਨੋਟਿਸ ਰਾਹੀਂ ਕਰਜ਼ਦਾਰ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨਹਸਤਾਖ਼ਰੀ ਨੇ ਸਕਿਉਰਿਟੀ ਇੰਟਰੈਸਟ ਇਨਫੋਰਸਮੈਂਟ ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13(4) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਹੇਠ ਦਰਸਾਈ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ।

ਕਰਜ਼ਦਾਰ ਨੂੰ ਵਿਸ਼ੇਸ਼ ਕਰ ਕੇ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦਾ ਸੌਦਾ ਨਾ ਕੀਤਾ ਜਾਵੇ, ਇਸ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦਾ ਸੌਦਾ ਕਰਨ ਦਾ ਅਧਿਕਾਰ ਹੇਠ ਹਰੇਕ ਖਾਤੇ ਸਾਹਮਣੇ ਦਰਸਾਈ ਰਕਮ ਅਤੇ ਇਸ ਤੇ ਵਿਆਜ ਦੀ ਵਸੂਲੀ ਲਈ ਯੂਨੀਅਨ ਬੈਂਕ ਆਫ਼ ਇੰਡੀਆ ਕੋਲ ਹੈ।

ਕਰਜ਼ਦਾਰਾਂ ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਉਨ੍ਹਾਂ ਕੋਲ ਐਕਟ ਦੇ ਸੈਕਸ਼ਨ 13 ਦੇ ਸਬ ਸੈਕਸ਼ਨ (8) ਦੀਆਂ ਤਜਵੀਜ਼ਾਂ ਅਧੀਨ ਸਕਿਉਰਡ ਐਸੇਟਸ ਛੁਡਾਉਣ ਲਈ ਸਮਾਂ ਉਪਲਬਧ ਹੈ।

ਬਰਾਂਚ ਅਤੇ ਖਾਤੇ ਦਾ ਨਾਮ	ਸਕਿਉਰਡ ਐਸੇਟਸ ਦਾ ਵੇਰਵਾ	ਡਿਮਾਂਡ ਨੋਟਿਸ ਦੀ ਮਿਤੀ	ਕਬਜ਼ੇ ਦੀ ਮਿਤੀ	ਡਿਮਾਂਡ ਨੋਟਿਸ ਅਨੁਸਾਰ ਰਕਮ
ਜਲੰਧਰ ਇੰਡਸਟਰੀਅਲ ਮੈਸ. ਅਵਿਨਾਸ਼ ਟੈਨਰੀਜ਼ ਰਾਹੀਂ ਹਿੱਸੇਦਾਰਾਂ ਸ੍ਰੀ ਸਟੀਵਨ ਕਲੇਰ, ਸ੍ਰੀ ਅਵਿਨਾਸ਼ ਚੰਦਰ ਅਤੇ ਸ੍ਰੀ ਮੂਲ ਰਾਜ	1. ਮੈਸ. ਅਵਿਨਾਸ਼ ਟੈਨਰੀਜ਼ ਦਾ ਸਟਾਕ, 2. ਰਿਹਾਇਸ਼ੀ ਮਕਾਨ ਸਥਿਤ ਹੈ 80, ਸਿਧਾਰਥ ਨਗਰ, ਜਲੰਧਰ, ਮਲਕੀਅਤ ਹੈ ਸ੍ਰੀ ਮੂਲ ਸਿੰਘ ਦੀ, 3. ਰਿਹਾਇਸ਼ੀ ਮਕਾਨ ਸਥਿਤ ਹੈ 11, ਨਿਊ ਮਾਡਲ ਹਾਊਸ, ਜਲੰਧਰ ਮਲਕੀਅਤ ਸ੍ਰੀਮਤੀ ਰਾਜ ਰਾਣੀ ਅਤੇ ਸ੍ਰੀ ਮੂਲ ਸਿੰਘ ਦੀ, 4. ਰਿਹਾਇਸ਼ੀ ਮਕਾਨ ਸਥਿਤ ਹੈ 113, ਸਿਧਾਰਥ ਨਗਰ, ਜਲੰਧਰ ਵਿਖੇ ਮਲਕੀਅਤ ਸ੍ਰੀ ਰਾਜ ਰਾਣੀ ਦੀ।	01.06.2018	30.08.2018	ਰੁ. 1,10,88,883.34 ਅਤੇ ਇਸ ਤੇ ਵਿਆਜ

ਮਿਤੀ : 04.09.2018 ਸਥਾਨ : ਜਲੰਧਰ ਅਧਿਕਾਰਤ ਅਫ਼ਸਰ

ਮਿਊਂਸਪਲ ਕਾਰਪੋਰੇਸ਼ਨ ਚੰਡੀਗੜ੍ਹ

ਟੈਂਡਰ ਨੋਟਿਸ

ਲੜੀ ਨੰ.	ਕੰਮ ਦਾ ਨਾਂ	ਬੋਲੀ ਜਮ੍ਹਾਂ ਕਰਨ ਦਾ ਸ਼ਡਿਊਲ (ਆਨਲਾਈਨ)	ਟੈਕਨੀਕਲ ਬੋਲੀ ਖੋਲ੍ਹਣਾ (ਆਨਲਾਈਨ)
1.	ਸੈਕਟਰ 44ਏ ਅਤੇ ਬੀ, ਚੰਡੀਗੜ੍ਹ ਵਿਚ ਕਟ ਰੋਡ ਦੀ ਉਸਾਰੀ. ਅੰਦਾਜ਼ਨ ਲਾਗਤ : ਰੁ. 15.47 ਲੱਖ, ਈਐਮਡੀ : 26,950/- ਸਮਾਂ ਹੱਦ : 3 ਮਹੀਨੇ	05.09.18 ਤੋਂ 12.09.18 ਨੂੰ ਦੁਪਹਿਰ 12.00 ਵਜੇ ਤੱਕ	12.09.18 ਨੂੰ ਦੁਪਹਿਰ 12.00 ਵਜੇ
2.	ਟਾਊਨਿੰਗ ਕੈਂਪ ਮੇਨ ਰੋਡ ਤੋਂ ਰੀਹੈਬਿਲਟੇਸ਼ਨ ਕਾਲੋਨੀ ਰਾਮ ਦਰਬਾਰ ਚੰਡੀਗੜ੍ਹ ਦੇ ਰੋਡ ਦੀ ਉਸਾਰੀ. ਅੰਦਾਜ਼ਨ ਲਾਗਤ : ਰੁ. 14.34 ਲੱਖ, ਈਐਮਡੀ : 28,680/- ਸਮਾਂ ਹੱਦ : 3 ਮਹੀਨੇ	05.09.18 ਤੋਂ 12.09.18 ਨੂੰ ਦੁਪਹਿਰ 12.00 ਵਜੇ ਤੱਕ	12.09.18 ਨੂੰ ਦੁਪਹਿਰ 12.00 ਵਜੇ

ਨੋਟ : ਸਾਰੇ ਹੋਰ ਨਿਯਮ ਅਤੇ ਸ਼ਰਤਾਂ ਅਤੇ ਪੂਰੇ ਡੀਐਨਆਈਟੀ ਵੈਬਸਾਈਟ https://etenders.chd.nic.in 'ਤੇ ਅਪਲੋਡ ਹਨ।

ਕਾਰਜਕਾਰੀ ਇੰਜੀਨੀਅਰ, ਰੋਡ ਡਵੀਜ਼ਨ ਨੰ. 1, ਕਮਰਾ ਨੰ. 311, ਐਮ.ਸੀ. ਚੰਡੀਗੜ੍ਹ (ਦਫ਼ਤਰ) 0172-5021482

ਸਟੇਟ ਬੈਂਕ ਆਫ਼ ਇੰਡੀਆ

ਬਰਾਂਚ ਦਫ਼ਤਰ : ਕਲਿਆਣ, ਜ਼ਿਲ੍ਹਾ ਪਟਿਆਲਾ

ਰੂਲ (8-1) ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)

ਜਿਵੇਂ ਕਿ ਸਟੇਟ ਬੈਂਕ ਆਫ਼ ਇੰਡੀਆ, ਬਰਾਂਚ ਕਲਿਆਣ ਜ਼ਿਲ੍ਹਾ ਪਟਿਆਲਾ ਦੇ ਨਿਮਨ ਹਸਤਾਖ਼ਰੀ 'ਅਧਿਕਾਰਤ ਅਫ਼ਸਰ' ਨੇ ਸਕਿਉਰਟਾਈਜ਼ੇਸ਼ਨ ਤੇ ਰੀਕੰਸਟਰਕਸ਼ਨ ਆਫ਼ ਫਾਈਨੈਂਸ਼ੀਅਲ ਅਸੈਟਸ ਐਂਡ ਇਨਫੋਰਸਮੈਂਟ ਆਫ਼ ਸਕਿਉਰਿਟੀ ਇੰਟਰਸਟ ਐਕਟ ਅਤੇ ਸਕਿਉਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਤੇ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13(2) ਅਤੇ 13(12) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਹੇਠ ਹਰੇਕ ਖਾਤੇ ਸਾਹਮਣੇ ਦਰਸਾਈ ਮਿਤੀ ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ ਅਤੇ ਪਿਛੇ ਹੇਠ ਦਰਸਾਏ ਕਰਜ਼ਦਾਰ(ਾਂ)/ਗਰੰਟਰ(ਾਂ) ਨੂੰ ਰਕਮ ਨੋਟਿਸ ਪ੍ਰਾਪਤ ਹੋਣ ਤੋਂ 60 ਦਿਨਾਂ ਦੇ ਅੰਦਰ ਅਦਾ ਕਰਨ ਲਈ ਕਿਹਾ ਸੀ।

ਕਰਜ਼ਦਾਰ(ਾਂ)/ਗਰੰਟਰ(ਾਂ) ਬਕਾਇਆ ਰਕਮ ਅਦਾ ਕਰਨ ਵਿਚ ਅਸਫਲ ਰਹੇ, ਇਸ ਲਈ ਇਸ ਨੋਟਿਸ ਰਾਹੀਂ ਕਰਜ਼ਦਾਰ(ਾਂ)/ਗਰੰਟਰ(ਾਂ) ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨਹਸਤਾਖ਼ਰੀ ਨੇ ਉਪਰੋਕਤ ਰੂਲਜ਼ ਦੇ ਰੂਲ 8 ਤੇ 9 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13(4) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਸਾਹਮਣੇ ਦਰਸਾਈਆਂ ਮਿਤੀਆਂ ਨੂੰ ਹੇਠ ਦਰਸਾਈ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ।

ਕਰਜ਼ਦਾਰ(ਾਂ)/ਗਰੰਟਰ(ਾਂ) ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦਾ ਸੌਦਾ ਨਾ ਕੀਤਾ ਜਾਵੇ। ਇਸ ਦਾ ਅਧਿਕਾਰ ਹੇਠ ਦਰਸਾਈ ਰਕਮ ਸਮੇਤ ਇਸ ਤੇ ਵਿਆਜ ਅਤੇ ਇਸ ਤੇ ਹੋਰ ਖਰਚੇ ਆਦਿ ਦੀ ਵਸੂਲੀ ਲਈ ਸਟੇਟ ਬੈਂਕ ਆਫ਼ ਇੰਡੀਆ, ਬਰਾਂਚ ਕਲਿਆਣ, ਜ਼ਿਲ੍ਹਾ ਪਟਿਆਲਾ ਕੋਲ ਹੈ।

ਕਰਜ਼ਦਾਰਾਂ ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਉਨ੍ਹਾਂ ਕੋਲ ਐਕਟ ਦੇ ਸੈਕਸ਼ਨ 13 ਦੇ ਸਬ ਸੈਕਸ਼ਨ (8) ਦੀਆ ਤਜਵੀਜ਼ਾਂ ਅਧੀਨ ਸਕਿਉਰਡ ਐਸੇਟਸ ਛੁਡਾਉਣ ਲਈ ਸਮਾਂ ਉਪਲਬਧ ਹੈ।

ਕਰਜ਼ਦਾਰ(ਾਂ)/ਗਰੰਟਰ(ਾਂ) ਦਾ ਨਾਮ	ਜਾਇਦਾਦ ਦਾ ਵੇਰਵਾ	ਡਿਮਾਂਡ ਨੋਟਿਸ ਦੀ ਮਿਤੀ	ਕਬਜ਼ੇ ਦੀ ਮਿਤੀ	ਬਕਾਇਆ ਰਕਮ
ਕਰਜ਼ਦਾਰ : ਮੈਸ. ਹਰਦੀਪ ਟ੍ਰੇਡਰਜ਼, ਰਾਹੀਂ ਇਸ ਦੇ ਮਾਲਕ ਸ੍ਰੀ ਹਰਦੀਪ ਸਿੰਘ ਵਾਸੀ ਪਿੰਡ ਅਤੇ ਡਾਕਖਾਨਾ ਮੰਡੌਰ, ਤਹਿਸੀਲ ਨਾਭਾ ਜ਼ਿਲ੍ਹਾ ਪਟਿਆਲਾ, ਗਰੰਟਰ ਅਤੇ ਗਿਰਵੀਕਾਰ : ਸ੍ਰੀ ਰਜਿੰਦਰ ਕੁਮਾਰ ਅਤੇ ਸ੍ਰੀ ਹਰਦੀਪ ਸਿੰਘ ਦੋਵੇਂ ਪੁੱਤਰ ਸ੍ਰੀ ਫ਼ਕੀਰ ਚੰਦ ਵਾਸੀ ਪਿੰਡ ਅਤੇ ਡਾਕਖਾਨਾ ਮੰਡੌਰ, ਤਹਿਸੀਲ ਨਾਭਾ ਜ਼ਿਲ੍ਹਾ ਪਟਿਆਲਾ	ਸਾਰੇ ਜ਼ਰੂਰੀ ਅਤੇ ਅਹਿਮ ਹਿੱਸੇ ਜਾਇਦਾਦ ਜ਼ਮੀਨ ਮਿਣਤੀ 3ਬਿਘੇ-1ਬਿਸਵੇ (ਜੋ ਕਿ 61/410ਵਾਂ ਹਿੱਸਾ ਵਿਚੋਂ ਕੁੱਲ ਜ਼ਮੀਨ 20ਬੀ-10ਬੀ) ਜੋ ਸ਼ਾਮਲ ਹੈ ਖੇਵਟ ਨੰ. 403/364, ਖਤੌਨੀ ਨੰ. 698, ਖਸਰਾ ਨੰ. 1477 (6-0), 1478 (5-0), 1480 (4-10) ਕਿੱਤੇ 4, ਜਮਾਬੰਦੀ ਸਾਲ 2008-2009 ਅਨੁਸਾਰ ਸਥਿਤ ਹੈ ਪਿੰਡ ਮੰਡੌਰ ਤਹਿਸੀਲ ਨਾਭਾ ਜ਼ਿਲ੍ਹਾ ਪਟਿਆਲਾ ਵਿਖੇ ਹੱਦਾਂ ਹੇਠ ਲਿਖੇ ਅਨੁਸਾਰ : ਪੂਰਬ : ਸ੍ਰੀ ਸੁਰਜੀਤ ਸਿੰਘ ਦਾ ਮਕਾਨ, ਪੱਛਮ : ਕੱਚਾ ਰੋਡ, ਉੱਤਰ : ਖੇਤੀਯੋਗ ਜ਼ਮੀਨ, ਦੱਖਣ : ਰੋਡ, ਸੇਲ ਡੀਡ ਨੰ. 116, ਮਿਤੀ 11.04.2014 ਅਨੁਸਾਰ ਨਾਂ ਹੈ ਸ੍ਰੀ ਰਾਜਿੰਦਰ ਕੁਮਾਰ ਅਤੇ ਹਰਦੀਪ ਸਿੰਘ ਦੋਵੇਂ ਪੁੱਤਰ ਸ੍ਰੀ ਫ਼ਕੀਰ ਚੰਦ ਦੇ।	15.05.2018	01.09.2018	ਰੁ. 15,81,396/- (ਪੰਦਰਾਂ ਲੱਖ ਇਕਾਸੀ ਹਜ਼ਾਰ ਤਿੰਨ ਸੌ ਛਿਆਨਵੇਂ ਰੁ. ਸਿਰਫ਼) ਸਮੇਂ ਲਾਗੂ ਵਿਆਜ 28.10.2017 ਤੱਕ ਅਤੇ ਇਸ ਤੇ ਵਿਆਜ ਹੋਰ ਖਰਚੇ ਵਗੈਰਾ 29.10.2017 ਤੋਂ (ਵਸੂਲੀ ਘਟਾ ਕੇ ਜੋ ਕੋਈ ਹੈ)

ਮਿਤੀ : 01.09.2018 ਸਥਾਨ : ਪਟਿਆਲਾ (ਕਲਿਆਣ) ਸਹੀ/- ਅਧਿਕਾਰਤ ਅਫ਼ਸਰ

ਕਰਜ਼ਾ ਵਸੂਲੀ ਟ੍ਰਿਬਿਊਨਲ -III, ਚੰਡੀਗੜ੍ਹ

ਐਸ.ਸੀ.ਓ. 33-34-35, ਸੈਕਟਰ 17-ਏ, ਚੰਡੀਗੜ੍ਹ

ਆਰਸੀ ਨੰ.608/2018

ਬੈਂਕ ਆਫ਼ ਇੰਡੀਆ ...ਸਰਟੀਫਿਕੇਟ ਹੋਲਡਰ

ਬਨਾਮ

ਮੈਸ. ਅਹੂਜਾ ਗਲੋਬਲ ਇੰਡੀਆ ਲਿਮ. ...ਸਰਟੀਫਿਕੇਟ ਡੈਬਟਰ

ਮੰਗਪੱਤਰ ਸੂਚਨਾ

(ਆਰਡੀਡੀਬੀ ਐਂਡ ਐਫਆਈ ਐਕਟ, 1993 ਦੇ ਸੈਕਸ਼ਨ 25 ਤੋਂ 28 ਨਾਲ ਪੜ੍ਹੇ ਜਾਂਦੇ ਇਨਕਮ ਟੈਕਸ ਐਕਟ, 1961 ਦੇ ਸੈਕਿੰਡ ਸ਼ਡਿਊਲ ਦੇ ਰੂਲ 2 ਅਧੀਨ ਨੋਟਿਸ)

1. ਮੈਸ. ਅਹੂਜਾ ਗਲੋਬਲ ਇੰਡੀਆ ਲਿਮ. (ਜਨਤਕ ਲਿਮ. ਕੰਪਨੀ) ਜਿਸ ਦਾ ਰਜਿਸਟਰਡ ਦਫ਼ਤਰ ਰੇਲਵੇ ਰੋਡ, ਨੇੜੇ ਬਾਸਮਤੀ ਮਾਰਕੀਟ, ਕੋਟਕਪੂਰਾ (ਪੰਜਾਬ) ਵਿਖੇ ਹੈ ਰਾਹੀਂ ਇਸ ਦੇ ਡਾਇਰੈਕਟਰਜ਼/ਮੈਨੇਜਿੰਗ ਡਾਇਰੈਕਟਰ/ਚੇਅਰਮੈਨ
ਕਾਰੋਬਾਰ ਦਾ ਸਥਾਨ : ਫੋਕਲ ਪੁਆਇੰਟ, ਫਰੀਦਕੋਟ-ਮੁਕਤਸਰ ਰੋਡ ਬਾਈਪਾਸ, ਕੋਟਕਪੂਰਾ, ਜ਼ਿਲ੍ਹਾ ਫਰੀਦਕੋਟ (ਪੰਜਾਬ) (ਕਰਜ਼ਦਾਰ)
2. ਸ੍ਰੀ ਦੇਵਿੰਦਰ ਸਿੰਘ ਅਹੂਜਾ ਪੁੱਤਰ ਸਵ. ਸ੍ਰੀ ਗੁਰਬਚਨ ਸਿੰਘ ਅਹੂਜਾ ਡਾਇਰੈਕਟਰ ਮੈਸ. ਅਹੂਜਾ ਗਲੋਬਲ ਇੰਡੀਆ ਲਿਮ. (ਜਨਤਕ ਲਿਮ. ਕੰਪਨੀ) ਵਾਸੀ ਅਹੂਜਾ ਹਾਊਸ, ਫੇਰੂਮਾਨ ਚੌਕ, ਕੋਟਕਪੂਰਾ ਜ਼ਿਲ੍ਹਾ ਫਰੀਦਕੋਟ (ਗਰੰਟਰ/ਗਿਰਵੀਕਾਰ)
3. ਹਰਿੰਦਰ ਸਿੰਘ ਅਹੂਜਾ ਪੁੱਤਰ ਸਵ. ਸ੍ਰੀ ਗੁਰਬਚਨ ਸਿੰਘ ਅਹੂਜਾ ਡਾਇਰੈਕਟਰ ਮੈਸ. ਅਹੂਜਾ ਗਲੋਬਲ ਇੰਡੀਆ ਲਿਮ. (ਜਨਤਕ ਲਿਮ. ਕੰਪਨੀ) ਵਾਸੀ ਅਹੂਜਾ ਹਾਊਸ, ਫੇਰੂਮਾਨ ਚੌਕ, ਕੋਟਕਪੂਰਾ ਜ਼ਿਲ੍ਹਾ ਫਰੀਦਕੋਟ (ਗਰੰਟਰ/ਗਿਰਵੀਕਾਰ)
4. ਬਲਜੀਤ ਸਿੰਘ ਅਹੂਜਾ ਪੁੱਤਰ ਸਵ. ਸ੍ਰੀ ਗੁਰਬਚਨ ਸਿੰਘ ਅਹੂਜਾ ਡਾਇਰੈਕਟਰ ਮੈਸ. ਅਹੂਜਾ ਗਲੋਬਲ ਇੰਡੀਆ ਲਿਮ. (ਜਨਤਕ ਲਿਮ. ਕੰਪਨੀ) ਵਾਸੀ ਅਹੂਜਾ ਹਾਊਸ, ਫੇਰੂਮਾਨ ਚੌਕ, ਕੋਟਕਪੂਰਾ ਜ਼ਿਲ੍ਹਾ ਫਰੀਦਕੋਟ (ਗਰੰਟਰ/ਗਿਰਵੀਕਾਰ)
5. ਗੁਰਪ੍ਰੀਤ ਸਿੰਘ ਅਹੂਜਾ ਪੁੱਤਰ ਸ੍ਰੀ ਹਰਿੰਦਰ ਸਿੰਘ ਅਹੂਜਾ ਵਾਸੀ ਅਹੂਜਾ ਹਾਊਸ, ਫੇਰੂਮਾਨ ਚੌਕ, ਕੋਟਕਪੂਰਾ ਜ਼ਿਲ੍ਹਾ ਫਰੀਦਕੋਟ (ਗਰੰਟਰ/ਗਿਰਵੀਕਾਰ)
6. ਦਿਲਪ੍ਰੀਤ ਸਿੰਘ ਅਹੂਜਾ ਪੁੱਤਰ ਸ੍ਰੀ ਦੇਵਿੰਦਰ ਸਿੰਘ ਅਹੂਜਾ ਵਾਸੀ ਅਹੂਜਾ ਹਾਊਸ, ਫੇਰੂਮਾਨ ਚੌਕ, ਕੋਟਕਪੂਰਾ ਜ਼ਿਲ੍ਹਾ ਫਰੀਦਕੋਟ (ਗਰੰਟਰ/ਗਿਰਵੀਕਾਰ)
7. ਨੀਲਮ ਅਹੂਜਾ ਪਤਨੀ ਸ੍ਰੀ ਹਰਿੰਦਰ ਸਿੰਘ ਅਹੂਜਾ ਵਾਸੀ ਅਹੂਜਾ ਹਾਊਸ, ਫੇਰੂਮਾਨ ਚੌਕ, ਕੋਟਕਪੂਰਾ ਜ਼ਿਲ੍ਹਾ ਫਰੀਦਕੋਟ (ਗਰੰਟਰ/ਗਿਰਵੀਕਾਰ)
8. ਰਾਜਿੰਦਰ ਕੌਰ ਅਹੂਜਾ ਪਤਨੀ ਸ੍ਰੀ ਬਲਜੀਤ ਸਿੰਘ ਅਹੂਜਾ ਵਾਸੀ ਅਹੂਜਾ ਹਾਊਸ, ਫੇਰੂਮਾਨ ਚੌਕ, ਕੋਟਕਪੂਰਾ ਜ਼ਿਲ੍ਹਾ ਫਰੀਦਕੋਟ (ਗਰੰਟਰ/ਗਿਰਵੀਕਾਰ)
9. ਨਰਿੰਦਰ ਕੌਰ ਅਹੂਜਾ ਪਤਨੀ ਸ੍ਰੀ ਦੇਵਿੰਦਰ ਸਿੰਘ ਅਹੂਜਾ ਵਾਸੀ ਅਹੂਜਾ ਹਾਊਸ, ਫੇਰੂਮਾਨ ਚੌਕ, ਕੋਟਕਪੂਰਾ ਜ਼ਿਲ੍ਹਾ ਫਰੀਦਕੋਟ (ਗਰੰਟਰ/ਗਿਰਵੀਕਾਰ)
10. ਕਰਨਦੀਪ ਸਿੰਘ ਅਹੂਜਾ ਪੁੱਤਰ ਸ੍ਰੀ ਬਲਜੀਤ ਸਿੰਘ ਅਹੂਜਾ ਵਾਸੀ ਅਹੂਜਾ ਹਾਊਸ, ਫੇਰੂਮਾਨ ਚੌਕ, ਕੋਟਕਪੂਰਾ ਜ਼ਿਲ੍ਹਾ ਫਰੀਦਕੋਟ (ਗਰੰਟਰ/ਗਿਰਵੀਕਾਰ)
11. ਮੈਸ. ਐਵਰਗਰੀਨ ਰਾਈਸ ਮਿਲਜ਼, ਕੋਟਕਪੂਰਾ, ਇਕ ਹਿੱਸੇਦਾਰੀ ਫਰਮ ਸਥਿਤ ਹੈ ਕੋਟਕਪੂਰਾ ਜੈਤੋ ਰੋਡ, ਕੋਟਕਪੂਰਾ ਵਿਖੇ ਰਾਹੀਂ ਇਸ ਦੇ ਹਿੱਸੇਦਾਰਾਂ
ੳ. ਗੁਰਪ੍ਰੀਤ ਸਿੰਘ ਅਹੂਜਾ ਪੁੱਤਰ ਸ੍ਰੀ ਹਰਿੰਦਰ ਸਿੰਘ ਅਹੂਜਾ
ਅ. ਕਰਨਦੀਪ ਸਿੰਘ ਅਹੂਜਾ ਪੁੱਤਰ ਸ੍ਰੀ ਬਲਜੀਤ ਸਿੰਘ ਅਹੂਜਾ (ਗਰੰਟਰ/ਗਿਰਵੀਕਾਰ)

ਮਾਨਯੋਗ ਪ੍ਰਜ਼ਾਈਡਿੰਗ ਅਫ਼ਸਰ ਵਲੋਂ ਜਾਰੀ ਰਿਕਵਰੀ ਸਰਟੀਫਿਕੇਟ ਦੇ ਓ.ਏ. 5125 ਆਫ਼ 2017 ਦੀਆਂ ਸ਼ਰਤਾਂ ਅਧੀਨ ਤੁਹਾਡੇ ਤੋਂ 31,07,21,142.89 ਪੈਸੇ ਲੈਣੇ ਹਨ।

ਤੁਹਾਨੂੰ ਉਪਰ ਦਸੀ ਰਕਮ ਨੂੰ ਇਸ ਨੋਟਿਸ ਦੇ ਛਪਣ ਦੀ ਤਰੀਕ ਦੇ 15 ਦਿਨਾਂ ਅੰਦਰ-ਅੰਦਰ ਜਮ੍ਹਾਂ ਕਰਾਉਣ ਲਈ ਕਿਹਾ ਜਾਂਦਾ ਹੈ।

ਉਪਰ ਦਸੀ ਰਕਮ ਤੋਂ ਬਿਨਾ, ਤੁਸੀਂ ਦੇਣਦਾਰੀ ਦੀ ਅਦਾਇਗੀ ਕਰਨੀ-
1. ਰਿਕਵਰੀ ਸਰਟੀਫਿਕੇਟ ਵਿਚ ਹੁਕਮਾਂ ਅਨੁਸਾਰ ਵਿਆਜ।
2. ਸਾਰੇ ਲਾਗਤਾਂ, ਚਾਰਜਿਜ਼ ਅਤੇ ਖਰਚੇ ਜੋ ਇਸ ਨੋਟਿਸ ਦੇ ਸੇਵਾ ਅਤੇ ਹੋਰ ਪ੍ਰਕਿਰਿਆ ਜੋ ਕਿ ਇਸ ਬਕਾਏ ਦੀ ਵਸੂਲੀ ਲਈ ਕੀਤੀ ਦੇ ਸੰਦਰਭ ਵਿਚ ਹੋਏ।

ਤੁਹਾਨੂੰ ਨਿਮਨ ਹਸਤਾਖ਼ਰੀ ਸਨਮੁਖ 13.11.2018 ਨੂੰ ਆਪਣੇ ਚੱਲ ਅਤੇ ਅਚੱਲ ਐਸਟਸ ਦੇ ਹਲਫ਼ੀਆ ਬਿਆਨ ਸਮੇਤ ਹਾਜ਼ਰ ਹੋਣ ਲਈ ਸੂਚਿਤ ਕੀਤਾ ਜਾਂਦਾ ਹੈ।

ਜੇ ਤੁਸੀਂ ਨਿਜੀ ਤੌਰ 'ਤੇ ਜਾਂ ਅਪਣੇ ਅਧਿਕਾਰਤ ਪ੍ਰਤੀਨਿਧੀ/ਵਕੀਲ ਰਾਹੀਂ ਮਿਤੀ ਨੂੰ ਪੇਸ਼ ਹੋਣ ਵਿਚ ਅਸਫਲ ਰਹੇ, ਮਾਮਲਾ ਤੁਹਾਡੀ ਗ਼ੈਰ-ਹਾਜ਼ਰੀ ਵਿਚ ਕਾਨੂੰਨ ਅਨੁਸਾਰ ਨਿਬੇੜਾ ਕੀਤਾ ਜਾਵੇਗਾ।

ਮੇਰੇ ਹਸਤਾਖ਼ਰ ਤੇ ਟ੍ਰਿਬਿਊਨਲ ਦੀ ਮੋਹਰ ਨਾਲ 02 ਅਗਸਤ, 2018 ਨੂੰ ਚੰਡੀਗੜ੍ਹ ਤੋਂ ਜਾਰੀ ਹੋਇਆ।

ਰਿਕਵਰੀ ਅਫ਼ਸਰ-II

ਡੀਆਰਟੀ-III, ਚੰਡੀਗੜ੍ਹ

ਫ਼ੋਰਟਿਸ ਹੈਲਥਕੇਅਰ ਲਿਮਟਡ

ਕਾਰਪੋਰੇਟ ਪਛਾਣ ਨੰਬਰ : L85110PB1996PLC045933

ਰਜਿ. ਦਫ਼ਤਰ : ਫ਼ੋਰਟਿਸ ਹਸਪਤਾਲ, ਸੈਕਟਰ 62, ਫ਼ੇਜ਼ - 8, ਮੋਹਾਲੀ-160062

ਟੈਲੀ. : +91-172-5096001, ਫ਼ੈਕਸ : +91-172-5096221

ਈ-ਮੇਲ : secretarial@fortishealthcare.com, ਵੈੱਬਸਾਈਟ : www.fortishealthcare.com

ਨੋਟਿਸ

ਸੂਚਿਤ ਕੀਤਾ ਜਾਂਦਾ ਹੈ ਕਿ ਕੰਪਨੀ ਦੀ 22ਵੀਂ ਸਲਾਨਾ ਜਨਰਲ ਮੀਟਿੰਗ (ਈਜੀਐਮ) ਸ਼ੁੱਕਰਵਾਰ 28, 2018 ਨੂੰ ਬਾਅਦ ਦੁਪਹਿਰ 12.30 (ਆਈਐਸਟੀ) ਵਜੇ ਨੈਸ਼ਨਲ ਇਸਟੀਚਿਊਟ ਆਫ਼ ਫਾਰਮਾਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ ਮੋਹਾਲੀ, ਸੈਕਟਰ 67, ਐਸ.ਏ.ਐਸ.ਨਗਰ, ਪੰਜਾਬ-160062 ਵਿਖੇ, ਏਜੀਐਮ ਦੇ ਨੋਟਿਸ ਵਿਚ ਦਰਸਾਏ ਕਾਰੋਬਾਰ ਨੂੰ ਤਬਦੀਲ ਕਰਨ ਲਈ, ਜੋ ਕਿ ਸ਼ੇਅਰ ਹੋਲਡਰਾਂ ਨੂੰ ਉਨ੍ਹਾਂ ਦੇ ਰਜਿਸਟਰਡ ਪਤੇ 'ਤੇ ਵਿਅਕਤੀਗਤ ਤਰੀਕੇ ਰਾਹੀਂ (ਜਿਨ੍ਹਾਂ ਨੇ ਆਪਣਾ ਈਮੇਲ ਆਈ.ਡੀ. ਕੰਪਨੀ ਜਾਂ ਡਿਪਾਟਜ਼ਟਰੀ ਪਾਰਟੀਸੀਪੈਂਟਸ (ਡੀਪੀਐਸ) ਜਾਂ ਰਜਿਸਟਰਾਰ ਅਤੇ ਟਰਾਂਸਫਰ ਏਜੰਟ (ਆਰਟੀਏਐਸ)) ਉਨ੍ਹਾਂ ਦੇ ਰਜਿਸਟਰਡ ਪਤੇ 'ਤੇ ਸਮੇਤ ਸਾਲ 2017-18 ਲਈ ਸਾਲਾਨਾ ਰਿਪੋਰਟ ਸਮੇਤ ਪਹਿਲਾਂ ਹੀ ਭੇਜਿਆ ਜਾ ਚੁੱਕਾ ਹੈ। ਇਹ ਨੋਟਿਸ ਅਤੇ ਸਾਲਾਨਾ ਰਿਪੋਰਟ ਇਲੈਕਟ੍ਰਾਨਿਕ ਤਰੀਕੇ ਰਾਹੀਂ ਉਨ੍ਹਾਂ ਮੈਂਬਰਾਂ ਨੂੰ ਈਮੇਲ ਆਈ.ਡੀਜ਼ ਰਾਹੀਂ ਭੇਜਿਆ ਗਿਆ ਹੈ ਜਿਨ੍ਹਾਂ ਨੇ ਸਬੰਧਤ ਡੀਪੀਜ਼/ਕੰਪਨੀ (ਜਿਨ੍ਹਾਂ ਨੇ ਭੌਤਿਕ ਕਾਪੀ ਲਈ ਬੇਨਤੀ ਕੀਤੀ ਹੈ)। ਈਜੀਐਮ ਦੇ ਨੋਟਿਸ ਦਾ ਡਿਸਪੈਚ 04 ਸਤੰਬਰ 2018 ਨੂੰ ਮੈਂਬਰਾਂ/ਲਾਭਪਾਤਰੀ ਮਾਲਕਾਂ ਜਿਨ੍ਹਾਂ ਦੇ ਨਾਂ ਮੈਂਬਰਜ਼/ਲਾਭਪਾਤਰੀਆਂ ਦੀ ਸੂਚੀ ਵਿਚ ਦਰਜ ਹਨ ਜੋ ਡਿਪਾਜ਼ਟਰੀਜ਼ ਤੋਂ 24 ਅਗਸਤ 2018 ਨੂੰ ਪ੍ਰਾਪਤ ਹੋਈ ਹੈ, ਪੂਰਾ ਹੋ ਚੁੱਕਾ ਹੈ।

ਉਕਤ ਨੋਟਿਸ ਅਤੇ ਸਾਲਾਨਾ ਰਿਪੋਰਟ ਕੰਪਨੀ ਦੀ ਵੈਬਸਾਈਟ ਅਤੇ ਆਰਟੀਏ ਦੀ ਵੈਬਸਾਈਟ ਭਾਵ ਕਾਰਵੀ ਕੰਪਿਊਟਰਜ਼ਸ਼ੇਅਰ ਪ੍ਰਾਈਵੇਟ ਲਿਮਟਿਡ (ਕਾਰਵੀ) www.karvy.com 'ਤੇ ਉਪਲਬਧ ਹੈ। ਈਜੀਐਮ ਨਾਲ ਸਬੰਧਤ ਕਾਰੋਬਾਰ ਦੇ ਦਸਤਾਵੇਜ਼, ਜੋ ਕੋਈ ਹੈ ਦੀ ਪੜਤਾਲ ਕੰਪਨੀ ਦੇ ਰਜਿਸਟਰਡ ਦਫ਼ਤਰ ਅਤੇ/ਜਾਂ ਕਾਰਪੋਰੇਟ ਦਫ਼ਤਰ ਵਿਖੇ ਦਫ਼ਤਰੀ ਸਮੇਂ ਦੌਰਾਨ ਈਜੀਐਮ ਦੀ ਮਿਤੀ ਤੱਕ ਕੀਤੀ ਜਾ ਸਕਦੀ ਹੈ।

ਸੇਬੀ ਦੇ (ਲਿਸਟਿੰਗ ਆਬਲੀਗੇਸ਼ਨ ਐਂਡ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨ, 2015 ਅਤੇ ਕੰਪਨੀਜ਼ ਐਕਟ, 2013 ਨਾਲ ਪੜ੍ਹੇ ਜਾਂਦੇ ਸਬੰਧਤ ਰੂਲਜ਼ ਦੇ ਸੈਕਸ਼ਨ 108 ਅਧੀਨ ਕੰਪਨੀ ਆਪਣੇ ਮੈਂਬਰਾਂ ਨੂੰ ਇਲੈਕਟ੍ਰਾਨਿਕ ਮੰਤਵ ਨਾਲ ਵੋਟ ਦੀ ਵਰਤੋਂ ਕਰਨ ਦੀ ਸਹੂਲਤ ਦਿੰਦੀ ਹੈ। ਕੰਪਨੀ ਨੇ ਰੀਮੋਟ ਈਵੋਟਿੰਗ ਦੀ ਸਹੂਲਤ ਲਈ ਕਾਰਵੀ ਨਾਲ ਮਿਲ ਕੇ ਪ੍ਰਬੰਧ ਕੀਤਾ ਹੈ। ਰੇਜ਼ੋਲੂਸ਼ਨ 'ਤੇ ਰੀਮੋਟ ਈਵੋਟਿੰਗ ਕੰਪਨੀ ਦੇ ਈਜੀਐਮ 'ਤੇ 25 ਸਤੰਬਰ, 2018 ਨੂੰ (ਸਵੇਰੇ 9.00 ਵਜੇ) ਤੋਂ ਸ਼ੁਰੂ ਹੋਵੇਗੀ ਅਤੇ 27 ਸਤੰਬਰ, 2018 ਨੂੰ (ਸ਼ਾਮ 17.00 ਵਜੇ) ਖ਼ਤਮ ਹੋਵੇਗੀ। ਈਵੋਟਿੰਗ ਦੀ ਉਕਤ ਮਿਤੀ ਅਤੇ ਸਮੇਂ ਤੋਂ ਬਾਅਦ ਆਗਿਆ ਨਹੀਂ ਹੋਵੇਗੀ। ਇਸ ਮਿਆਦ ਦੌਰਾਨ ਕੰਪਨੀ ਦੇ ਮੈਂਬਰਾਂ ਜਿਨ੍ਹਾਂ ਨੇ ਸ਼ੇਅਰ ਭੌਤਿਕ ਰੂਪ ਵਿਚ ਅਤੇ ਅਧਿਆਤਮਕ ਰੂਪ ਵਿਚ ਸਾਂਝੇ ਹੋਏ ਹਨ ਉਹ 21 ਸਤੰਬਰ, 2018 ਦੀ ਕੱਟ ਆਫ਼ ਮਿਤੀ ਤੱਕ, ਆਪਣੀ ਇਲੈਕਟ੍ਰਾਨਿਕ ਵੋਟ ਪਾ ਸਕਦੇ ਹਨ। ਜੇ ਕੋਈ ਵਿਅਕਤੀ ਜੋ ਅਗਸਤ 24, 2018 ਅਤੇ ਸਤੰਬਰ 21, 2018 ਦੇ ਵਿਚਾਲੇ ਕੰਪਨੀ ਦਾ ਮੈਂਬਰ ਬਣਦਾ ਹੈ ਤਾਂ ਉਹ ਹੇਠ ਦਰਸਾਏ ਅਨੁਸਾਰ ਯੂਜ਼ਰ ਆਈ.ਡੀ ਅਤੇ ਪਾਸਵਰਡ ਪ੍ਰਾਪਤ ਕਰੇਗਾ।

ੳ. ਜੇ ਮੈਂਬਰ ਦਾ ਈਮੇਲ ਆਈ.ਡੀ. ਫੋਲੀਓ ਨੰ./ਡੀਪੀਆਈ.ਡੀ.-ਕਲਾਈਂਟ ਆਈ.ਡੀ. ਵਿਰੁਧ ਰਜਿਸਟਰਡ ਹੈ, ਤਦ ਉਹ ਹੋਮ ਪੇਜ https://evoting.karvy.com 'ਤੇ ਮੈਂਬਰ 'ਫਾਰਗੋਟ ਪਾਸਵਰਡ' ਕਲਿੱਕ ਕਰੇ ਅਤੇ ਪਾਸਵਰਡ ਜਨਰੇਟ ਕਰਨ ਲਈ ਫੋਲੀਓ ਨੰ. ਜਾਂ ਡੀਪੀ ਆਈ.ਡੀ.-ਕਲਾਇਂਟ ਆਈ.ਡੀ. ਅਤੇ ਪੈਨ ਦਾਖ਼ਲ ਕਰੇ।

ਅ. ਮੈਂਬਰ ਕਾਰਵੀਜ਼ ਟੋਲ ਫ੍ਰੀ ਨੰਬਰ 1800 345 4001 'ਤੇ ਵੀ ਕਾਲ ਕਰ ਸਕਦੇ ਹਨ।

ੲ. ਮੈਂਬਰ einward.rix@karvy.com ਨੂੰ ਈਮੇਲ ਬੇਨਤੀ ਵੀ ਭੇਜ ਸਕਦੇ ਹਨ।

ਮੈਂਬਰ ਜਿਨ੍ਹਾਂ ਨੇ 21 ਸਤੰਬਰ, 2018 ਦੀ ਕੱਟ ਆਫ਼ ਮਿਤੀ ਤੱਕ ਸ਼ੇਅਰ ਪ੍ਰਾਪਤ ਕੀਤੇ ਹਨ ਨੂੰ ਮੀਟਿੰਗ ਮੌਕੇ ਪੋਲਿੰਗ ਪੇਪਰ ਰਾਹੀਂ ਵੋਟ ਪਾਉਣ ਦੀ ਆਗਿਆ ਹੋਵੇਗੀ। ਮੈਂਬਰ ਜਿਨ੍ਹਾਂ ਨੇ ਈ ਵੋਟਿੰਗ ਰਾਹੀਂ ਆਪਣੀ ਵੋਟ ਪਾਈ ਹੈ ਉਹ ਮੀਟਿੰਗ ਵਿਚ ਹਿੱਸਾ ਲੈ ਸਕਦੇ ਹਨ, ਹਾਲਾਂ ਕਿ ਉਹ ਦੁਬਾਰਾ ਵੋਟ ਪਾਉਣ ਦੇ ਹੱਕਦਾਰ ਨਹੀਂ ਹੋਣਗੇ। ਕੰਪਨੀ ਨੇ ਸ੍ਰੀ ਮੁਕੇਸ਼ ਮੰਗਲੀਕ, ਕੰਪਨੀ ਸਕੱਤਰ ਨੂੰ ਨਿਰਪੱਖ ਅਤੇ ਪਾਰਦਰਸ਼ੀ ਈ ਵੋਟਿੰਗ ਪ੍ਰਣਾਲੀ ਚਲਾਉਣ ਲਈ ਪੂਰੇ ਸਮੇਂ ਲਈ (ਸੀ.ਪੀ. ਨੰ. 8476) ਪੜਤਾਲਕਰਤਾ ਨਿਯੁਕਤ ਕੀਤਾ ਗਿਆ ਹੈ, ਕੰਪਨੀ ਦੇ ਮੈਂਬਰ ਸ੍ਰੀ ਰਾਹੁਲ ਰੰਜਨ ਅਧਿਕਾਰਤ ਅਫ਼ਸਰ ਨੂੰ ਉਪਰੋਕਤ ਦਰਸਾਏ ਵੇਰਵਿਆਂ ਅਨੁਸਾਰ ਜਾਂ ਹੈਲਪ ਡੈਕਸ ਅਤੇ ਐਫਏਕਿਊਜ਼ ਜੋ ਕਾਰਵੀਜ਼ ਦੀ ਵੈਬਸਾਈਟ 'ਤੇ ਉਪਲਬਧ ਹਨ, ਡਾਊਨਲੋਡ ਸੈਕਸ਼ਨ https://evoting.karvy.com 'ਤੇ ਜਾਂ ਕਾਰਵੀ ਨੂੰ 1800 345 4001 (ਟੋਲ ਫ੍ਰੀ) ਜਾਂ ਕਾਰਵੀ ਸੇਲੀਨੀਅਮ, ਟਾਵਰ ਬੀ, ਪਲਾਟ ਨੰ. 31 ਅਤੇ 32, ਫਾਈਨੈਂਸ਼ੀਅਲ ਡਿਸਟ੍ਰਿਕਟ, ਨਾਨਕਰਾਮਗੁੜਾ, ਸੇਰੀਲਿੰਗੰਪੱਲੀ, ਮੰਡਲ, ਹੈਦਰਾਬਾਦ-500 032 'ਤੇ ਸੰਪਰਕ ਕਰ ਸਕਦੇ ਹਨ।

ਲਈ ਫੋਰਟਿਸ ਹੈਲਥਕੇਅਰ ਲਿਮਟਿਡ
ਸਹੀ/-
ਰਾਹੁਲ ਰੰਜਨ
ਕੰਪਨੀ ਸਕੱਤਰ
ICSI Member.No.A17035

ਮਿਤੀ : 5 ਸਤੰਬਰ 2018
ਸਥਾਨ : ਗੁਰੂਗ੍ਰਾਮ

ਫ਼ੋਰਟਿਸ ਮਲਾਰ ਹਾਸਪਿਟਲਜ਼ ਲਿਮਟਡ

ਕਾਰਪੋਰੇਟ ਪਛਾਣ ਨੰਬਰ : L85110PB1989PLC045948

ਰਜਿ. ਦਫ਼ਤਰ : ਫ਼ੋਰਟਿਸ ਹਸਪਤਾਲ, ਸੈਕਟਰ 62, ਫ਼ੇਜ਼ - 8, ਮੋਹਾਲੀ-160062

ਟੈਲੀ. : +91-172-509 6001, ਫ਼ੈਕਸ : +91-172-509 6002

ਵੈੱਬਸਾਈਟ : www.fortismalar.com, ਈ-ਮੇਲ : secretarial.malar@malarhospitals.in

ਨੋਟਿਸ

ਸੂਚਿਤ ਕੀਤਾ ਜਾਂਦਾ ਹੈ ਕਿ ਕੰਪਨੀ ਦੀ 27ਵੀਂ ਸਲਾਨਾ ਜਨਰਲ ਮੀਟਿੰਗ (ਈਜੀਐਮ) ਸ਼ੁੱਕਰਵਾਰ 28 ਸਤੰਬਰ, 2018 ਨੂੰ ਸਵੇਰੇ 10.30 (ਆਈਐਸਟੀ) ਵਜੇ ਨੈਸ਼ਨਲ ਇਸਟੀਚਿਊਟ ਆਫ਼ ਫਾਰਮਾਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ ਮੋਹਾਲੀ, ਸੈਕਟਰ 67, ਐਸ.ਏ.ਐਸ.ਨਗਰ, ਪੰਜਾਬ-160062 ਵਿਖੇ, ਏਜੀਐਮ ਦੇ ਨੋਟਿਸ ਵਿਚ ਦਰਸਾਏ ਕਾਰੋਬਾਰ ਨੂੰ ਤਬਦੀਲ ਕਰਨ ਲਈ, ਜੋ ਕਿ ਸ਼ੇਅਰ ਹੋਲਡਰਾਂ ਨੂੰ ਉਨ੍ਹਾਂ ਦੇ ਰਜਿਸਟਰਡ ਪਤੇ 'ਤੇ ਵਿਅਕਤੀਗਤ ਤਰੀਕੇ ਰਾਹੀਂ (ਜਿਨ੍ਹਾਂ ਨੇ ਆਪਣਾ ਈਮੇਲ ਆਈ.ਡੀ. ਕੰਪਨੀ ਜਾਂ ਡਿਪਾਟਜ਼ਟਰੀ ਪਾਰਟੀਸੀਪੈਂਟਸ (ਡੀਪੀਐਸ) ਜਾਂ ਰਜਿਸਟਰਾਰ ਅਤੇ ਟਰਾਂਸਫਰ ਏਜੰਟ (ਆਰਟੀਏਐਸ)) ਉਨ੍ਹਾਂ ਦੇ ਰਜਿਸਟਰਡ ਪਤੇ 'ਤੇ ਸਮੇਤ ਸਾਲ 2017-18 ਲਈ ਸਾਲਾਨਾ ਰਿਪੋਰਟ ਸਮੇਤ ਪਹਿਲਾਂ ਹੀ ਭੇਜਿਆ ਜਾ ਚੁੱਕਾ ਹੈ। ਇਹ ਨੋਟਿਸ ਅਤੇ ਸਾਲਾਨਾ ਰਿਪੋਰਟ ਇਲੈਕਟ੍ਰਾਨਿਕ ਤਰੀਕੇ ਰਾਹੀਂ ਉਨ੍ਹਾਂ ਮੈਂਬਰਾਂ ਨੂੰ ਈਮੇਲ ਆਈ.ਡੀਜ਼ ਰਾਹੀਂ ਭੇਜਿਆ ਗਿਆ ਹੈ ਜਿਨ੍ਹਾਂ ਨੇ ਸਬੰਧਤ ਡੀਪੀਜ਼/ਕੰਪਨੀ (ਜਿਨ੍ਹਾਂ ਨੇ ਭੌਤਿਕ ਕਾਪੀ ਲਈ ਬੇਨਤੀ ਕੀਤੀ ਹੈ)। ਈਜੀਐਮ ਦੇ ਨੋਟਿਸ ਦਾ ਡਿਸਪੈਚ 04 ਸਤੰਬਰ 2018 ਨੂੰ ਮੈਂਬਰਾਂ/ਲਾਭਪਾਤਰੀ ਮਾਲਕਾਂ ਜਿਨ੍ਹਾਂ ਦੇ ਨਾਂ ਮੈਂਬਰਜ਼/ਲਾਭਪਾਤਰੀਆਂ ਦੀ ਸੂਚੀ ਵਿਚ ਦਰਜ ਹਨ ਜੋ ਡਿਪਾਜ਼ਟਰੀਜ਼ ਤੋਂ 24 ਅਗਸਤ 2018 ਨੂੰ ਪ੍ਰਾਪਤ ਹੋਈ ਹੈ, ਪੂਰਾ ਹੋ ਚੁੱਕਾ ਹੈ।

ਉਕਤ ਨੋਟਿਸ ਅਤੇ ਸਾਲਾਨਾ ਰਿਪੋਰਟ ਕੰਪਨੀ ਦੀ ਵੈਬਸਾਈਟ ਅਤੇ ਆਰਟੀਏ ਦੀ ਵੈਬਸਾਈਟ ਭਾਵ ਕਾਰਵੀ ਕੰਪਿਊਟਰਜ਼ਸ਼ੇਅਰ ਪ੍ਰਾਈਵੇਟ ਲਿਮਟਿਡ (ਕਾਰਵੀ) www.karvy.com 'ਤੇ ਉਪਲਬਧ ਹੈ। ਈਜੀਐਮ ਨਾਲ ਸਬੰਧਤ ਕਾਰੋਬਾਰ ਦੇ ਦਸਤਾਵੇਜ਼, ਜੋ ਕੋਈ ਹੈ ਦੀ ਪੜਤਾਲ ਕੰਪਨੀ ਦੇ ਰਜਿਸਟਰਡ ਦਫ਼ਤਰ ਅਤੇ/ਜਾਂ ਕਾਰਪੋਰੇਟ ਦਫ਼ਤਰ ਵਿਖੇ ਦਫ਼ਤਰੀ ਸਮੇਂ ਦੌਰਾਨ ਸਵੇਰੇ 10.00 ਵਜੇ ਤੋਂ ਦੁਪਹਿਰ 12.00 ਵਜੇ ਤੱਕ (ਸ਼ਨੀਵਾਰ ਛੱਡ ਕੇ) ਈਜੀਐਮ ਦੀ ਮਿਤੀ ਤੱਕ ਕੀਤੀ ਜਾ ਸਕਦੀ ਹੈ।

ਸੇਬੀ ਦੇ (ਲਿਸਟਿੰਗ ਆਬਲੀਗੇਸ਼ਨ ਐਂਡ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨ, 2015 ਅਤੇ ਕੰਪਨੀਜ਼ ਐਕਟ, 2013 ਨਾਲ ਪੜ੍ਹੇ ਜਾਂਦੇ ਸਬੰਧਤ ਰੂਲਜ਼ ਦੇ ਸੈਕਸ਼ਨ 108 ਅਧੀਨ ਕੰਪਨੀ ਆਪਣੇ ਮੈਂਬਰਾਂ ਨੂੰ ਇਲੈਕਟ੍ਰਾਨਿਕ ਮੰਤਵ ਨਾਲ ਵੋਟ ਦੀ ਵਰਤੋਂ ਕਰਨ ਦੀ ਸਹੂਲਤ ਦਿੰਦੀ ਹੈ। ਕੰਪਨੀ ਨੇ ਰੀਮੋਟ ਈਵੋਟਿੰਗ ਦੀ ਸਹੂਲਤ ਲਈ ਕਾਰਵੀ ਨਾਲ ਮਿਲ ਕੇ ਪ੍ਰਬੰਧ ਕੀਤਾ ਹੈ। ਰੇਜ਼ੋਲੂਸ਼ਨ 'ਤੇ ਰੀਮੋਟ ਈਵੋਟਿੰਗ ਕੰਪਨੀ ਦੇ ਈਜੀਐਮ 'ਤੇ 25 ਸਤੰਬਰ, 2018 ਨੂੰ (ਸਵੇਰੇ 9.00 ਵਜੇ) ਤੋਂ ਸ਼ੁਰੂ ਹੋਵੇਗੀ ਅਤੇ 27 ਸਤੰਬਰ, 2018 ਨੂੰ (ਸ਼ਾਮ 17.00 ਵਜੇ) ਖ਼ਤਮ ਹੋਵੇਗੀ। ਈਵੋਟਿੰਗ ਦੀ ਉਕਤ ਮਿਤੀ ਅਤੇ ਸਮੇਂ ਤੋਂ ਬਾਅਦ ਆਗਿਆ ਨਹੀਂ ਹੋਵੇਗੀ। ਇਸ ਮਿਆਦ ਦੌਰਾਨ ਕੰਪਨੀ ਦੇ ਮੈਂਬਰਾਂ ਜਿਨ੍ਹਾਂ ਨੇ ਸ਼ੇਅਰ ਭੌਤਿਕ ਰੂਪ ਵਿਚ ਅਤੇ ਅਧਿਆਤਮਕ ਰੂਪ ਵਿਚ ਸਾਂਝੇ ਹੋਏ ਹਨ ਉਹ 21 ਸਤੰਬਰ, 2018 ਦੀ ਕੱਟ ਆਫ਼ ਮਿਤੀ ਤੱਕ, ਆਪਣੀ ਇਲੈਕਟ੍ਰਾਨਿਕ ਵੋਟ ਪਾ ਸਕਦੇ ਹਨ। ਜੇ ਕੋਈ ਵਿਅਕਤੀ ਜੋ ਅਗਸਤ 24, 2018 ਅਤੇ ਸਤੰਬਰ 21, 2018 ਦੇ ਵਿਚਾਲੇ ਕੰਪਨੀ ਦਾ ਮੈਂਬਰ ਬਣਦਾ ਹੈ ਤਾਂ ਉਹ ਹੇਠ ਦਰਸਾਏ ਅਨੁਸਾਰ ਯੂਜ਼ਰ ਆਈ.ਡੀ ਅਤੇ ਪਾਸਵਰਡ ਪ੍ਰਾਪਤ ਕਰੇਗਾ।

ੳ. ਜੇ ਮੈਂਬਰ ਦਾ ਈਮੇਲ ਆਈ.ਡੀ. ਫੋਲੀਓ ਨੰ./ਡੀਪੀਆਈ.ਡੀ.-ਕਲਾਈਂਟ ਆਈ.ਡੀ. ਵਿਰੁਧ ਰਜਿਸਟਰਡ ਹੈ, ਤਦ ਉਹ ਹੋਮ ਪੇਜ https://evoting.karvy.com 'ਤੇ ਮੈਂਬਰ 'ਫਾਰਗੋਟ ਪਾਸਵਰਡ' ਕਲਿੱਕ ਕਰੇ ਅਤੇ ਪਾਸਵਰਡ ਜਨਰੇਟ ਕਰਨ ਲਈ ਫੋਲੀਓ ਨੰ. ਜਾਂ ਡੀਪੀ ਆਈ.ਡੀ.-ਕਲਾਇਂਟ ਆਈ.ਡੀ. ਅਤੇ ਪੈਨ ਦਾਖ਼ਲ ਕਰੇ।

ਅ. ਮੈਂਬਰ ਕਾਰਵੀਜ਼ ਟੋਲ ਫ੍ਰੀ ਨੰਬਰ 1800 345 4001 'ਤੇ ਵੀ ਕਾਲ ਕਰ ਸਕਦੇ ਹਨ।

ੲ. ਮੈਂਬਰ einward.rix@karvy.com ਨੂੰ ਈਮੇਲ ਬੇਨਤੀ ਵੀ ਭੇਜ ਸਕਦੇ ਹਨ।

ਮੈਂਬਰ ਜਿਨ੍ਹਾਂ ਨੇ 21 ਸਤੰਬਰ, 2018 ਦੀ ਕੱਟ ਆਫ਼ ਮਿਤੀ ਤੱਕ ਸ਼ੇਅਰ ਪ੍ਰਾਪਤ ਕੀਤੇ ਹਨ ਨੂੰ ਮੀਟਿੰਗ ਮੌਕੇ ਪੋਲਿੰਗ ਪੇਪਰ ਰਾਹੀਂ ਵੋਟ ਪਾਉਣ ਦੀ ਆਗਿਆ ਹੋਵੇਗੀ। ਮੈਂਬਰ ਜਿਨ੍ਹਾਂ ਨੇ ਈ ਵੋਟਿੰਗ ਰਾਹੀਂ ਆਪਣੀ ਵੋਟ ਪਾਈ ਹੈ ਉਹ ਮੀਟਿੰਗ ਵਿਚ ਹਿੱਸਾ ਲੈ ਸਕਦੇ ਹਨ, ਹਾਲਾਂ ਕਿ ਉਹ ਦੁਬਾਰਾ ਵੋਟ ਪਾਉਣ ਦੇ ਹੱਕਦਾਰ ਨਹੀਂ ਹੋਣਗੇ। ਕੰਪਨੀ ਨੇ ਸ੍ਰੀ ਮੁਕੇਸ਼ ਮੰਗਲੀਕ, ਕੰਪਨੀ ਸਕੱਤਰ ਨੂੰ ਨਿਰਪੱਖ ਅਤੇ ਪਾਰਦਰਸ਼ੀ ਈ ਵੋਟਿੰਗ ਪ੍ਰਣਾਲੀ ਚਲਾਉਣ ਲਈ ਪੂਰੇ ਸਮੇਂ ਲਈ (ਸੀ.ਪੀ. ਨੰ. 8476) ਪੜਤਾਲਕਰਤਾ ਨਿਯੁਕਤ ਕੀਤਾ ਗਿਆ ਹੈ, ਕੰਪਨੀ ਦੇ ਮੈਂਬਰ ਕਾਰਵੀ ਦੇ ਅਧਿਕਾਰਤ ਅਫ਼ਸਰ ਸ੍ਰੀ ਐਸ.ਵੀ. ਰਾਜੂ ਨੂੰ ਟੈਲੀ. ਨੰ. 1800 345 4001(ਟੋਲ ਫ੍ਰੀ) ਜਾਂ einward@karvy.com ਜਾਂ ਕਾਰਵੀ ਸੇਲੀਨੀਅਮ, ਟਾਵਰ ਬੀ, ਪਲਾਟ ਨੰ. 31 ਅਤੇ 32, ਫਾਈਨੈਂਸ਼ੀਅਲ ਡਿਸਟ੍ਰਿਕਟ, ਨਾਨਕਰਮਗੁੜਾ, ਸੇਰੀਲਿੰਗੰਪੱਲੀ, ਮੰਡਲ, ਹੈਦਰਾਬਾਦ-500 032/ ਸ੍ਰੀ ਸ਼ਸ਼ਾਂਕ ਪੋਰਵਲ, ਕੰਪਨੀ ਸਕੱਤਰ ਅਤੇ ਅਧਿਕਾਰਤ ਅਧਿਕਾਰੀ ਨੂੰ secretarial.malar@malarhospitals.in 'ਤੇ ਸੰਪਰਕ ਕਰ ਸਕਦੇ ਹਨ।

ਲਈ ਫੋਰਟਿਸ ਮਲਾਰ ਹਾਸਪਿਟਲਜ਼ ਲਿਮਟਿਡ
ਸਹੀ/-
ਸ਼ਸ਼ਾਂਕ ਪੋਰਵਾਲ
ਕੰਪਨੀ ਸਕੱਤਰ
M.No.ACS-51957

ਮਿਤੀ : 4 ਸਤੰਬਰ 2018
ਸਥਾਨ : ਗੁਰੂਗ੍ਰਾਮ